

# ਅੰਮ੍ਰਿਤ ਕੀਰਤਨ

ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ

ਜਨਵਰੀ 1999 ਮੁੱਲ : 10 ਰੁਪਏ

ੴ

# ਅੰਮ੍ਰਿਤ ਕੀਰਤਨ

ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਅੰਕ 1 ◆ ਸਾਲ ਗਿਆਰਵਾਂ ◆ ਜਨਵਰੀ 1999

ਮਿਤ੍ਰ ਅਸਾਡੜੇ ਸੇਈ 2
ਕਰਉ ਬੇਨੰਤੀਆ 3
ਸ੍ਰੀ ਦਸਮ ਗ੍ਰੰਥ ਅਤੇ ਸ੍ਰੀ ਸਰਬਲੋਹ ਗ੍ਰੰਥ : ਇਕ ਸੰਗੀਤਕ ਪਰਿਚਯ 4
ਭਾਈ ਬਲਦੇਵ ਸਿੰਘ 'ਨਿਹੰਗ'
ਰਾਗ, ਮਹਲਾ ਤੇ ਘਰ 6
ਬੇਦੀ ਲਾਲ ਸਿੰਘ
ਗੁਰਬਾਣੀ ਵਿਚ ਸਰੇਸ਼ਠ ਧਰਮ ਦਾ ਸੰਕਲਪ 8
ਡਾ. ਮੇਵਾ ਸਿੰਘ ਸਿੱਧੂ
ਜ਼ਮਾਨੇ ਨੂੰ ਬਦਲ ਦੇਣ ਵਾਲੇ ਮਹਾਂਪੁਰਖ : ਭਾਈ ਸਮੁੰਦ ਸਿੰਘ ਜੀ 11
ਹਰਜਾਪ ਸਿੰਘ ਔਜਲਾ
ਜੰਮੂ ਕਸ਼ਮੀਰ ਦੇ ਕੀਰਤਨੀਏ ਤੇ ਪ੍ਰਚਾਰਕ 13
ਡਾ ਜਸਬੀਰ ਸਿੰਘ ਸਰਨਾ
ਸੰਗੀਤ ਬਾਰੇ 15
ਰਸੂਲ ਹਮਜ਼ਾਤੋਵ
ਬਾਬਾਣੀਆਂ ਕਹਾਣੀਆਂ (ਉਚ ਦੇ ਪੀਰ) 18
ਪ੍ਰੋ. ਕਰਤਾਰ ਸਿੰਘ
Young Generation and Sikhism 21
Sujan Singh
The Healing Power of Music 22
Laika Jain
Kirtan... a Wondrous Lifeline 24
Charanjit Rimi Sobti
ਪੁਸਤਕ ਸਮੀਖਿਆ 25
ਡਾ. ਹਰਨੇਕ ਸਿੰਘ ਕਲੇਰ
ਕੈਸਟ ਸਮੀਖਿਆ 26
ਭਾਈ ਅਵਤਾਰ ਸਿੰਘ ਹੰਸ
ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ 27
ਮਨਮੋਹਨ ਸਿੰਘ, ਭਾਈ ਵੀਰ ਸਿੰਘ
ਸੁਰ ਲਿਪੀਆਂ 28
ਪ੍ਰੋ. ਪਰਮਜੋਤ ਸਿੰਘ, ਸ੍ਰ. ਉੱਤਮ ਸਿੰਘ
ਗੁਰਮੁਖ ਢੂੰਡ ਢੂੰਢੇਦਿਆਂ (Free Matrimonial Service) 31
ਨਵਾਂ ਨਾਨਕ-ਸ਼ਾਹੀ ਕੈਲੰਡਰ 32
ਡਾ. ਜੀ.ਪੀ.ਨੰਦਾ

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ
ਐਮ. ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ)
ਪੀ.ਐਚ.ਡੀ.

ਕਾਰਜਕਾਰੀ ਸੰਪਾਦਕ
ਡਾ. ਤ੍ਰਿਲੋਚਨ ਸਿੰਘ ਤਰਸੀ

ਸਹਿਯੋਗੀ
ਸ. ਹਰਭਜਨ ਸਿੰਘ ਚੋਪੜਾ
ਸ. ਜੋਤਿੰਦਰ ਸਿੰਘ ਸੋਹਲ
ਡਾ. ਕਰਨੈਲ ਸਿੰਘ ਸੋਮਲ
ਸ. ਉੱਤਮ ਸਿੰਘ
ਪ੍ਰੋ. ਸਤਵਿੰਦਰ ਸਿੰਘ

ਚਿੱਤਰਕਾਰ
ਗੁਰਦੀਪ ਸਿੰਘ ਦੀਪ

ਲੇ ਆਉਟ
ਸੋਹਲ ਸਪੈਸ਼ਲਸ

**ਸਰਪ੍ਰਸਤ**
ਭਾਈ ਹੀਰਾ ਸਿੰਘ ਮੈਮੋਰੀਅਲ ਟ੍ਰਸਟ (ਰਜਿ:)
1051, ਸੈਕਟਰ 27-ਬੀ, ਚੰਡੀਗੜ੍ਹ
ਫੋਨ : 650696

'ਅੰਮ੍ਰਿਤ ਕੀਰਤਨ' ਲਈ ਚੈੱਕ/ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ ।

**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ ਰਜਿ.
422, ਸੈਕਟਰ 15-ਏ,
ਚੰਡੀਗੜ੍ਹ - 160 015

**ਚੰਦੇ ਦਾ ਵੇਰਵਾ**

| | |
|---|---|
| ਇਕ ਕਾਪੀ | 10 ਰੁ: |
| ਸਲਾਨਾ | 100 ਰੁ: |
| ਜੀਵਨ ਮੈਂਬਰ (15 ਸਾਲ) | 1000 ਰੁ: |
| ਵਿਦੇਸ਼ ਸਲਾਨਾ | 500 ਰੁ: |
| ਜੀਵਨ ਮੈਂਬਰ (15 ਸਾਲ) | 5000 ਰੁ: |

**ਇਸ਼ਤਿਹਾਰਾਂ ਦਾ ਵੇਰਵਾ**

| | |
|---|---|
| ਪਿਛਲਾ ਕਵਰ | 3000 ਰੁ: |
| ਕਵਰ ਦੇ ਅੰਦਰਲੇ ਪੰਨੇ | 2000 ਰੁ: |
| ਸਧਾਰਨ ਪੂਰਾ ਪੰਨਾ | 1000 ਰੁ: |

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਿਰਜ਼ ਅਤੇ ਸਟੇਸ਼ਨਰਜ਼ ਐਸ.ਸੀ.ਐਫ 107, ਫੇਜ਼ -7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ ।

ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

★ 'ਅੰਮ੍ਰਿਤ ਕੀਰਤਨ' ਮੈਗਜ਼ੀਨ ਵਿਚ 'ਗੁਰਮਤਿ ਸੰਗੀਤ' ਦੀ ਸਮੱਗਰੀ ਛਾਪਕੇ ਬੜਾ ਸ਼ਲਾਘਾਯੋਗ ਕੰਮ ਕਰ ਰਹੇ ਹੋ। ਇਸ ਨਾਲ ਆਪ ਲੋਕਾਂ ਨੂੰ ਗੁਰਮਤਿ ਸੰਗੀਤ ਨਾਲ ਜੋੜ ਰਹੇ ਹੋ। ਉਸਤਾਦ ਹਰਭਜਨ ਸਿੰਘ ਧਾਰੀਵਾਲ ਵਾਲਿਆਂ ਦੇ ਤਬਲੇ ਬਾਰੇ ਲੇਖ ਪੜ੍ਹੇ ਹਨ। ਇਹਨਾਂ ਲੇਖਾਂ ਵਿੱਚ ਜੋ ਤਬਲੇ ਬਾਰੇ ਜਾਣਕਾਰੀ ਦਿੱਤੀ ਹੈ । ਇਹ ਨਿਵੇਕਲੀ ਹੈ। ਇਹ ਪਹਿਲਾਂ ਹੋਰ ਪੁਸਤਕਾਂ ਵਿਚ ਪੜ੍ਹਨ ਨੂੰ ਨਹੀਂ ਮਿਲਦੀ। ਅਸੀਂ ਉਸਤਾਦ ਹਰਭਜਨ ਸਿੰਘ ਅਤੇ 'ਅੰਮ੍ਰਿਤ ਕੀਰਤਨ' ਦੇ ਬਹੁਤ ਧੰਨਵਾਦੀ ਹਾਂ ਜਿਹਨਾਂ ਨੇ ਇਹਨਾਂ ਲੇਖਾਂ ਦੁਆਰਾ ਵਿਦਿਆਰਥੀਆਂ ਨੂੰ ਸਿੱਖਿਆ ਦਿੱਤੀ ਹੈ। ਅਸੀਂ ਵਾਹਿਗੁਰੂ ਅੱਗੇ ਉਸਤਾਦ ਜੀ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦੇ ਹਾਂ।

ਸੁਰਜੀਤ ਸਿੰਘ

★ ਦਸੰਬਰ ਦੇ 'ਅੰਮ੍ਰਿਤ ਕੀਰਤਨ' ਵਿਚ ਬੱਚਿਆਂ ਲਈ ਜੋ ਲੇਖ ਦਿੱਤਾ ਹੈ ਇਹ ਬੜਾ ਚੰਗਾ ਹੈ। ਇਸ ਅੰਕ ਵਿਚ ਪ੍ਰੋ. ਕਰਤਾਰ ਸਿੰਘ ਅਤੇ ਡਾ. ਦਰਸ਼ਨ ਸਿੰਘ ਨਰੂਲਾ ਦੇ ਲੇਖ ਜਾਣਕਾਰੀ ਭਰਪੂਰ ਸਨ। ਨੋਟੇਸ਼ਨਾਂ ਬਹੁਤ ਪਸੰਦ ਆਈਆਂ। ਤਬਲੇ ਬਾਰੇ ਜਾਣਕਾਰੀ ਦੇ ਕੇ ਤੁਸੀਂ ਪਰਉਪਕਾਰ ਹੀ ਕਰ ਰਹੇ ਹੋ। ਇਸ ਬਾਰੇ ਪੁਸਤਕਾਂ ਵਿਚ ਬਹੁਤ ਘੱਟ ਲਿਖਿਆ ਹੈ। ਪ੍ਰੋ. ਹਰਭਜਨ ਸਿੰਘ ਹੋਰਾਂ ਨੂੰ ਵਧਾਈ ਦੇਣਾਂ।

ਮੰਗਤ ਸਿੰਘ ਮਸਤਾਨਾ/ਮਲੋਟ

★ 'ਅੰਮ੍ਰਿਤ ਕੀਰਤਨ' ਹਰ ਮਹੀਨੇ ਨਵਾਂ ਰੂਪ, ਨਵੇਂ ਖਿਆਲ ਤੇ ਨਵੀਆਂ ਸੁਰਾਂ ਲੈ ਕੇ ਪਹੁੰਚ ਰਿਹਾ ਹੈ। ਵਾਹਿਗੁਰੂ ਆਪ ਜੀ ਨੂੰ ਉੱਦਮ ਤੇ ਸਿਹਤ ਬਖਸ਼ਣ ਤਾਂ ਜੋ ਆਪ ਜੀ ਇਸ ਮਹਾਨ ਕੰਮ ਨੂੰ ਨਿਭਾਉਂਦੇ ਰਹੋ!

ਡਾ. ਜੇ. ਪੀ ਨੰਦਾ/ ਦੇਹਰਾਦੂਨ

★ ਵਾਹਿਗੁਰੂ ਆਪ ਦੇ ਉੱਦਮ ਵਿਚ ਵਾਧਾ ਅਤੇ ਆਪ ਨੂੰ ਸ਼ਕਤੀ ਬਖਸ਼ਣ ਤਾਂ ਜੋ ਆਪ ਜੀ ਇਹ ਨਿਰਮਾਣ ਸੇਵਾ ਕਰਦੇ ਰਹੋ।

ਗੁਰਦੇਵ ਸਿੰਘ / ਲੁਧਿਆਣਾ

★ ਦਸੰਬਰ ਦੇ 'ਅੰਮ੍ਰਿਤ ਕੀਰਤਨ' ਵਿੱਚ ਦਿੱਤੀ ਸਮੱਗਰੀ ਤਾਂ ਪਸੰਦ ਆਈ ਹੀ ਪਰ ਇਸ ਵਾਰ ਪਰਚੇ ਦੀ ਦਿੱਖ ਵੀ ਨਿਵੇਕਲੀ ਸੀ। ਆਪ ਜੀ ਅਤੇ ਆਪ ਦੇ ਸਾਥੀ ਜੋ ਮਿਹਨਤ ਕਰ ਰਹੇ ਹਨ ਇਸ ਨਾਲ ਪਰਚੇ ਦਾ ਰੂਪ ਦਿਨੋ ਦਿਨ ਨਿਖਰ ਰਿਹਾ ਹੈ।

ਪ੍ਰੋ. ਐਮ. ਐਸ. ਸਚਦੇਵਾ/ ਮਲੋਟ

**Prof. Mangat Singh Mastana**
( RAGI JATHA )
Sangeet Visarad, Pracheen Kala Kendar, Chandigarh
**M.G.R. RECORDING COMPANY**
c/o Sangam Radio & T.V. College (Regd.)
Opp. Jaswant Cinema, **MALOUT** 152 107

**S. Kuldeep Singh**
*Amrit Harmonium Industries*
***Manufacturers of***
HIGH CLASS HARMONIUMS & SUPPLIERS
ALL KINDS OF MUSICAL INSTRUMENTS & OTHER PARTS
D - 88, Phase 7, Industrial Area, MOHALI (Punjab) Phone : 223591

**WORLD'S FIRST NITNEM CD**
ਨਿੱਤਨੇਮ
**PATH: DR. JAGIR SINGH JI**
ਜਪੁਜੀ ਸਾਹਿਬ, ਜਾਪੁ ਸਾਹਿਬ
ਤ੍ਵ ਪ੍ਰਸਾਦਿ ਸਵੱਯੇ, ਚੌਪਈ
ਅਨੰਦ ਸਾਹਿਬ, ਅਰਦਾਸ

*ਵਿਦੇਸ਼ਾਂ ਵਿੱਚ ਰਹਿੰਦੇ ਸੱਜਣ ਇਹ ਸੀ. ਡੀ. ਜ਼ਰੂਰ ਮੰਗਵਾਉਣ ਜੀ।*
**KFH ENTERPRISES (CANADA)**
Produce by : Rashpal S. Kalsi
Suit # 172-151-10090-152 Street
Surrey, B.C. V3R 8X8 Fax: (604)584-9440
in U.K. 116-N, Hude Rd, Hayes, Middlesex, U.K. UB3 4NQ
Tel/Fax: 0181-581-1914
NORTH AMERICAN DISTRIBUTION BY :
**MUSIC WAVES PROD./RAVIB VIDEO**
Unit 101, 8334-128 Street, Surey. B.C. V3MT 62
Ph: (604) 599-1110-(604) 599-6003

# ਕਰਉ ਬੇਨੰਤੀਆ

## ਸ਼ੁਕਰਾਨਾ

ਅਜਕੱਲ ਮੌਸਮ ਬੜਾ ਬੇ-ਨਿਯਮਾ ਚਲ ਰਿਹਾ ਹੈ। ਅਖਬਾਰਾਂ ਲਿਖ ਰਹੀਆਂ ਹਨ ਕਿ ਇਸ ਵੇਲੇ ਘਟਨਾਵਾਂ ਬੜੀਆਂ ਅਲੋਕਾਰ ਹਨ। ਪਹਿਲਾਂ ਬੇ-ਵਕਤੀਆਂ ਬਾਰਸ਼ਾਂ ਅਤੇ ਹੁਣ ਇਤਨੀ ਦੇਰ ਨਾਲ ਸਰਦੀ ਸ਼ੁਰੂ ਹੋਣੀ। ਆਮ ਤੌਰ ਤੇ ਜਦੋਂ ਅਕਤੂਬਰ-ਨਵੰਬਰ ਵਿੱਚ ਬਾਰਸ਼ ਹੁੰਦੀ ਸੀ ਤਾਂ ਲੋਕ ਇਕ ਦਮ ਗਰਮ ਕਪੜੇ ਪਾ ਲੈਂਦੇ ਸਨ ਪਰ ਹੁਣ ਦਸੰਬਰ ਵਿੱਚ ਵੀ ਕਿਸੇ ਵਿਰਲੇ ਨੇ ਹੀ ਗਰਮ ਕੱਪੜੇ ਪਾਏ ਹਨ। ਮੌਸਮੀ ਮਾਹਿਰ ਇਹਨਾਂ ਘਟਨਾਵਾਂ ਦਾ ਸਿੱਧਾ ਸੰਬੰਧ ਭਾਂਵੇ ਵਿਗਿਆਨੀਆਂ ਦੀਆਂ ਕਾਰਸਤਾਨੀਆਂ ਨਾਲ ਨਹੀਂ ਜੋੜਦੇ, ਪਰ ਆਮ ਲੋਕ ਇਸ ਦਾ ਸੰਬੰਧ ਪ੍ਰਮਾਣੂ ਧਮਾਕਿਆਂ ਅਤੇ ਲੜਾਈਆਂ ਵਿੱਚ ਵਰਤੇ ਜਾ ਰਹੇ ਹਥਿਆਰਾਂ ਨਾਲ ਜੋੜਦੇ ਹਨ।

ਮਨੁੱਖ ਨੇ ਕੁਦਰਤੀ ਦਾਤਾਂ ਦੀ ਬੇਲੋੜੀ ਵਰਤੋਂ ਕਰਕੇ ਕੁਦਰਤ ਦੇ ਤਵਾਜ਼ਨ ਨੂੰ ਖਰਾਬ ਕਰ ਦਿੱਤਾ ਹੈ। ਮਨੁੱਖ ਦੀਆਂ ਜ਼ਰੂਰੀ ਲੋੜਾਂ ਕੁਦਰਤ ਸਹਿਜ ਨਾਲ ਪੂਰੀਆਂ ਕਰ ਦਿੰਦੀ ਹੈ ਪਰ ਜਦੋਂ ਮਨੁੱਖ ਲਾਲਚ ਵਸ ਕੁਦਰਤ ਨਾਲ ਖਿਲਵਾੜ ਕਰਦਾ ਹੈ ਤਾਂ ਕੁਦਰਤੀ ਆਫ਼ਤਾਂ ਦੇ ਆਉਣ ਦੀ ਸੰਭਾਵਨਾਵਾਂ ਵਧ ਜਾਂਦੀ ਹੈ।

ਗੁਰਬਾਣੀ ਵਿੱਚ ਸਾਨੂੰ ਕੁਦਰਤ ਦੀਆਂ ਦਾਤਾਂ ਦਾ ਆਦਰ ਕਰਨਾ ਸਿਖਾਇਆ ਜਾਂਦਾ ਹੈ ਅਤੇ ਇਹਨਾਂ ਦੀ ਵਰਤੋਂ ਆਦਰ ਨਾਲ ਅਤੇ ਸੰਜਮ ਨਾਲ ਕਰਨ ਦੀ ਜਾਚ ਵੀ ਦੱਸੀ ਜਾਂਦੀ ਹੈ। ਇਹਨਾਂ ਵਸਤਾਂ ਅਤੇ ਵਰਤਾਰਿਆਂ ਬਾਰੇ ਜੇ ਗੁਰਬਾਣੀ ਅਨੁਸਾਰ ਮਨ ਵਿੱਚ ਭਾਵ ਰੱਖਿਆ ਜਾਵੇ ਤਾਂ ਅਸੀਂ ਇਹਨਾਂ ਦੀ ਵਰਤੋਂ ਆਪਣੇ ਆਪ ਸੰਜਮ ਨਾਲ ਕਰਨ ਲੱਗ ਪਵਾਂਗੇ।

ਇਹ ਜੋ ਪਾਣੀ ਅਸੀਂ ਪੀਂਦੇ ਹਾਂ ਇਸ ਸਦਕਾ ਇਸ ਧਰਤੀ ਤੇ ਜੀਵਨ ਹੈ। ਪਾਣੀ ਮਨੁੱਖ ਨੇ ਨਹੀਂ ਬਣਾਇਆ, ਇਹ ਪਰਮਾਤਮਾ ਦੀ ਕਿਰਪਾ ਸਦਕਾ ਇਸ ਧਰਤੀ ਉੱਤੇ ਹੈ। ਫਿਰ ਸਾਨੂੰ ਕੀ ਅਧਿਕਾਰ ਹੈ ਕਿ ਅਸੀਂ ਇਸ ਨਾਲ ਖਿਲਵਾੜ ਕਰੀਏ। ਸਗੋਂ ਜਦੋਂ ਵੀ ਹੱਥ ਵਿੱਚ ਪਾਣੀ ਦਾ ਗਲਾਸ ਲਈਏ ਤਾਂ ਪਾਣੀ ਬਣਾਉਣ ਵਾਲੇ ਦਾ ਧੰਨਵਾਦ ਕਰਨਾ ਚਾਹੀਦਾ ਹੈ। ਇਹ ਧਰਤੀ ਜਿਸ ਉਪਰ ਅਸੀਂ ਸੁਖੀ ਵਸ ਰਹੇ ਹਾਂ, ਇਸ ਦਾ ਅਸੀਂ ਬੁਰਾ ਹਾਲ ਕਰ ਦਿੱਤਾ ਹੈ। ਜਦਕਿ ਗੁਰਬਾਣੀ ਵਿੱਚ ਇਸ ਨੂੰ 'ਮਾਤਾ' ਕਿਹਾ ਹੈ। ਇਸ 'ਮਾਤਾ' ਦੇ ਸਰੀਰ ਦੀਆਂ ਅਸੀਂ ਵੰਡੀਆਂ ਪਾਈਆਂ ਹਨ। ਇਹ ਧਰਤੀ ਸਹਿਜ ਨਾਲ ਇਤਨੀ ਉਪਜ ਪੈਦਾ ਕਰ ਦਿੰਦੀ ਹੈ ਕਿ ਕੋਈ ਵੀ ਜੀਵ-ਜੰਤੂ ਭੁੱਖਾ ਨਾ ਰਹੇ। ਪਰ ਮਨੁੱਖ ਆਪਣੇ ਲੋਭ ਅਤੇ ਮੁਨਾਫੇ ਲਈ ਖਾਦਾਂ ਪਾ-ਪਾ ਕੇ ਵਾਧੂ ਉਪਜ ਲੈਂਦਾ ਹੈ ਅਤੇ ਇਸ ਨੂੰ ਰੋਗੀ ਕਰਦਾ ਹੈ। ਇਹ ਇਵੇਂ ਹੀ ਹੈ, ਜਿਵੇਂ ਅਸੀਂ ਮੱਝਾਂ ਤੋਂ ਵਧੇਰੇ ਦੁੱਧ ਲੈਣ ਲਈ ਉਹਨਾਂ ਨੂੰ ਟੀਕੇ ਲਗਾਉਂਦੇ ਹਾਂ ਜਾਂ ਜਿਵੇਂ ਮਜ਼ਦੂਰਾਂ ਤੋਂ ਜ਼ਿਆਦਾ ਕੰਮ ਲੈਣ ਲਈ ਨਸ਼ੇ ਦੀ ਚਾਹ ਪਿਆ ਦਿੰਦੇ ਹਾਂ।

ਧਰਤੀ ਦੇ ਅੰਦਰ ਪ੍ਰਮਾਣੂ ਧਮਾਕੇ ਕਰ-ਕਰ ਕੇ ਇਸ ਦੇ ਸਰੀਰ ਨਾਲ ਅਸੀਂ ਖਿਲਵਾੜ ਕਰਦੇ ਹਾਂ। ਜੰਗਲ, ਜਿਹੜੇ ਇਸ ਦੀ ਰੱਖਿਆ ਕਰਦੇ ਹਨ, ਜਿਹੜੇ ਇਸ ਦਾ ਸ਼ਿੰਗਾਰ ਹਨ ਉਹਨਾਂ ਨੂੰ ਅਸੀਂ ਆਪਣੇ ਮੁਨਾਫੇ ਲਈ ਵੱਢੀ ਜਾ ਰਹੇ ਹਾਂ।

ਜਿਵੇਂ ਕਿ ਗੁਰਬਾਣੀ ਦਾ ਫੁਰਮਾਨ ਹੈ :

*ਲਖਮੀ ਤੋਟ ਨ ਆਵਈ, ਖਾਇ ਖਰਚ ਰਹੰਦਾ ॥*

ਸਾਡੀਆਂ ਆਮ ਲੋੜਾਂ ਦੀ ਪੂਰਤੀ ਦੀ ਗਰੰਟੀ ਪਰਮਾਤਮਾ ਨੇ ਲਈ ਹੋਈ ਹੈ। ਪਰ ਮੁਨਾਫ਼ੇ ਦੀ ਹਵਸ ਜਾਂ ਜਮ੍ਹਾਂ ਕਰਨ ਦੀ ਲਾਲਸਾ ਦੀ ਤਾਂ ਕੋਈ ਹੱਦ ਨਹੀਂ, ਇਸ ਦੇ ਕਾਬੂ ਆਇਆ ਮਨੁੱਖ ਆਪ ਦੁਖੀ ਹੁੰਦਾ ਹੈ ਅਤੇ ਦੂਜਿਆਂ ਨੂੰ ਦੁਖੀ ਕਰਦਾ ਹੈ।

ਇਹ ਹਵਾ, ਇਸ ਸਦਕਾ ਅਸੀ ਜ਼ਿੰਦਾ ਹਾਂ। ਜਦੋਂ ਸਾਹ ਅੰਦਰ ਲਈਏ ਇਸ ਦਾ ਧੰਨਵਾਦ ਕਰੀਏ । ਇਸ ਹਵਾ ਨੂੰ ਸ਼ੁੱਧ ਰੱਖਣ ਦਾ ਜਤਨ ਕਰੀਏ। ਮਨੁੱਖ ਨੂੰ ਜਿੰਨੀ ਆਕਸੀਜਨ ਚਾਹੀਦੀ ਹੈ ਉਹ ਅਸਾਨੀ ਨਾਲ ਮਿਲ ਸਕਦੀ ਹੈ। ਉਹ ਜਿਤਨੀ ਕੁ ਕਾਰਬਨ-ਡਾਇ-ਆਕਸਾਈਡ ਛੱਡਦਾ ਹੈ ਉਤਨੀ ਬਨਸਪਤੀ ਨੂੰ ਚਾਹੀਦੀ ਹੁੰਦੀ ਹੈ। ਪਰ ਜਦੋਂ ਆਪਣੀ ਝੂਠੀ ਸ਼ਾਨ ਲਈ ਅਤੇ ਫਜ਼ੂਲ ਲੋੜਾਂ ਦੀ ਪੂਰਤੀ ਲਈ ਮੋਟਰਕਾਰਾਂ ਚਲਾਉਂਦੇ ਹਾਂ ਤਾਂ ਗੈਰ-ਜ਼ਰੂਰੀ ਵਸਤਾਂ ਬਣਾਉਣ ਵਾਲੇ ਕਾਰਖਾਨਿਆਂ ਵਿਚੋਂ ਨਿਕਲਦੀਆਂ ਜ਼ਹਿਰੀਲੀਆਂ ਗੈਸਾਂ ਹਵਾ ਨੂੰ ਦੂਸ਼ਿਤ ਕਰਦੀਆਂ ਹਨ ਤਾਂ ਹਵਾ ਵਿੱਚ ਸਾਹ ਲੈਣਾ ਵੀ ਔਖਾ ਹੋ ਜਾਂਦਾ ਹੈ। ਇਹ ਅਸੀਂ ਹਵਾ ਨਾਲ ਜ਼ਿਆਦਤੀ ਕਰ ਰਹੇ ਹਾਂ ਅਤੇ ਇਸ ਦਾ ਖਮਿਆਜ਼ਾ ਸਾਨੂੰ ਭੁਗਤਣਾ ਪਵੇਗਾ।

ਇਹ ਹੱਥ ਸਾਨੂੰ ਪ੍ਰਮਾਤਮਾ ਨੇ ਦਿੱਤੇ ਹਨ। ਇਸ ਕੁਦਰਤੀ ਹੱਥ ਦੀ ਕੀ ਮਹੱਤਤਾ ਹੈ ਇਸ ਬਾਰੇ ਉਸ ਨੂੰ ਪੁੱਛੋ, ਜਿਸ ਦੇ ਕਿਸੇ ਦੁਰਘਟਨਾ ਵਿੱਚ ਹੱਥ ਕੱਟੇ ਗਏ ਹਨ। ਇਹਨਾਂ ਪੈਰਾਂ ਦੀ ਕੀ ਕੀਮਤ ਹੈ ਲੱਤੋਂ ਪੈਰੋਂ ਅਪਾਹਜ ਕਿਸੇ ਕੋਲੋਂ ਪੁੱਛ ਕੇ ਵੇਖੋ। ਕੰਨਾਂ ਦੀ ਮਹੱਤਤਾ ਬਾਰੇ ਕਿਸੇ ਬੋਲੇ ਨੂੰ ਅਤੇ ਅੱਖਾਂ ਦੀ ਮਹੱਤਤਾ ਕਿਸੇ ਨੇਤਰਹੀਣ ਨੂੰ ਪੁੱਛੋ। ਇਹ ਜੀਭ ਜਿਸ ਨਾਲ ਅਸੀਂ ਭਾਂਤ ਭਾਂਤ ਦੇ ਪਦਾਰਥਾਂ ਦਾ ਸੁਆਦ ਮਾਣਦੇ ਹਾਂ। ਇਸ ਲਈ ਪਰਮਾਤਮਾ ਦਾ ਜਿਤਨਾ ਵੀ ਧੰਨਵਾਦ ਕਰੀਏ ਥੋਹੜਾ ਹੈ। ਕੇਵਲ ਇਕ ਵਾਰ ਹੀ ਧੰਨਵਾਦ ਨਾ ਕਰੀਏ, ਸਗੋਂ ਸਮੇਂ ਸਮੇਂ ਧੰਨਵਾਦ ਕਰਦੇ ਰਹੀਏ। ਇਸ ਸੰਬੰਧੀ ਸੁਖਮਨੀ ਸਾਹਿਬ ਦੀਆਂ ਕੁਝ ਤੁਕਾਂ ਸਾਡੀ ਅਗਵਾਈ ਕਰਦੀਆਂ ਹਨ ਕਿ ਕਦੋਂ ਸਾਨੂੰ ਧੰਨਵਾਦ ਕਰਨਾ ਚਾਹੀਦਾ ਹੈ :

*ਜਿਹ ਪ੍ਰਸਾਦਿ ਧਰ ਊਪਰਿ ਸੁਖਿ ਬਸਹਿ॥ ਸੁਤ ਭ੍ਰਾਤ ਮੀਤ ਬਨਿਤਾ ਸੰਗਿ ਹਸਹਿ॥ ਜਿਹ ਪ੍ਰਸਾਦਿ ਪੀਵਹਿ ਸੀਤਲ ਜਲਾ॥ ਸੁਖਦਾਈ ਪਵਨੁ ਪਾਵਕੁ ਅਮੁਲਾ॥ ਜਿਹ ਪ੍ਰਸਾਦਿ ਭੋਗਹਿ ਸਭਿ ਰਸਾ॥ ਸਗਲ ਸਮਗ੍ਰੀ ਸੰਗਿ ਸਾਥਿ ਬਸਾ॥ ਦੀਨੇ ਹਸਤ ਪਾਵ ਕਰਨ ਨੇਤ੍ਰ ਰਸਨਾ॥ ਤਿਸਹਿ ਤਿਆਗਿ ਅਵਰ ਸੰਗਿ ਰਚਨਾ॥*

ਅਰਥ: (ਹੇ ਜੀਵ!) ਜਿਸ (ਪ੍ਰਭੂ) ਦੀ ਕ੍ਰਿਪਾ ਨਾਲ ਤੂੰ ਧਰਤੀ ਉਤੇ ਸੁਖੀ ਵੱਸਦਾ ਹੈ, ਪੁਤਰ ਭਰਾ ਮਿਤਰ ਇਸਤ੍ਰੀ ਨਾਲ ਹੱਸਦਾ ਹੈ ;

ਜਿਸ ਦੀ ਮੇਹਰ ਨਾਲ ਤੂੰ ਠੰਢਾ ਪਾਣੀ ਪੀਂਦਾ ਹੈ ਸੁਖ ਦੇਣ ਵਾਲੀ ਹਵਾ ਤੇ ਅਮੋਲਕ ਅੱਗ ਵਰਤਦਾ ਹੈਂ ।

ਜਿਸ ਦੀ ਕਿਰਪਾ ਨਾਲ ਸਾਰੇ ਰਸ ਭੋਗਦਾ ਹੈਂ ਸਾਰੇ ਪਦਾਰਥਾਂ ਦੇ ਨਾਲ ਤੂੰ ਰਹਿੰਦਾ ਹੈ (ਭਾਵ ਸਾਰੇ ਪਦਾਰਥ ਵਰਤਣ ਲਈ ਤੈਨੂੰ ਮਿਲਦੇ ਹਨ) ਜਿਸ ਨੇ ਤੈਨੂੰ ਹੱਥ ਪੈਰ ਕੰਨ ਅੱਖਾਂ ਜੀਭ ਦਿੱਤੇ ਹਨ। ਉਸ ਦੇ ਸ਼ੁਕਰਗੁਜ਼ਾਰ ਹੋਈਏ ਤੇ ਇਹਨਾਂ ਦਾਤਾਂ ਦੀ ਸਦ ਵਰਤੋਂ ਕਰੀਏ।

ਵਿਗਿਆਨ ਦੀ ਤਰੱਕੀ ਚਰਮ ਸੀਮਾ ਤੇ ਪਹੁੰਚ ਗਈ ਹੈ। ਵਿਦਵਾਨ ਅਤੇ ਵਿਗਿਆਨੀ ਇਸ ਸਾਲ ਨੂੰ ਬੜਾ ਮਹੱਤਵਪੂਰਣ ਮੰਨਦੇ ਹਨ। ਹੁਣ ਲੋੜ ਕੇਵਲ ਆਪਣਾ ਪਦਾਰਥਕ-ਪੱਧਰ ਉੱਚਾ ਚੁੱਕਣ ਦੀ ਨਹੀਂ ਸਗੋਂ ਆਪਣਾ ਮਾਨਸਿਕ ਪੱਧਰ ਵੀ ਉੱਚਾ ਚੁੱਕਣਾ ਜ਼ਰੂਰੀ ਹੈ। ਵਾਹਿਗੁਰੂ ਕਰੇ ਵਸਤਾਂ ਅਤੇ ਜੀਵਾਂ ਪ੍ਰਤੀ ਆਪਣੇ ਨਜ਼ਰੀਏ ਵਿੱਚ ਸ਼ੁਕਰਾਨੇ ਅਤੇ ਪ੍ਰਸ਼ੰਸਾ ਦੇ ਭਾਵ ਲਿਆਈਏ। ਆਪਣੀ ਹਉਮੈ, ਲਾਲਚ ਅਤੇ ਈਰਖਾ ਤੋਂ ਮੁਕਤ ਹੋਈਏ।

ਨਵੇਂ ਸਾਲ ਦੀਆਂ ਸ਼ੁਭ ਇਛਾਵਾਂ ਸਹਿਤ

# ਸ੍ਰੀ ਦਸਮ ਗ੍ਰੰਥ ਅਤੇ ਸ੍ਰੀ ਸਰਬਲੋਹ ਗ੍ਰੰਥ : ਇਕ ਸੰਗੀਤਕ ਪਰਿਚਯ

*ਭਾਈ ਬਲਦੇਵ ਸਿੰਘ 'ਨਿਹੰਗ'**

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਆਦਰਸ਼ ਨੂੰ ਸਾਕਾਰ ਰੂਪ ਵਿੱਚ ਜੀਵਿਆ ਹੈ। ਆਪ ਕੇਵਲ 42 ਸਾਲਾਂ ਦੀ ਆਪਣੀ ਜੀਵਨ ਯਾਤਰਾ ਵਿੱਚ ਵੱਖ-ਵੱਖ ਪੜਾਵਾਂ, ਵੱਖ-ਵੱਖ ਖੇਤਰਾਂ ਨਾਲ ਸੰਬੰਧਤ ਲਾਸਾਨੀ ਤੇ ਅਦੁੱਤੀ ਯੋਗਦਾਨ ਸਿਰਜਦੇ ਜਾਪਦੇ ਹਨ। ਅਸੀਂ ਜਦੋਂ ਇਸ ਮਹਾਨ, ਸਾਹਿਤਕਾਰ, ਮਹਾਨ ਕਵੀ ਦੇ ਕਾਵਿ ਸੌਂਦਰਯ ਦੇ ਦਰਸ਼ਨ ਕਰਦੇ ਹਾਂ ਤਾਂ ਬੁੱਧੀ ਚਕ੍ਰਿਤ ਰਹਿ ਜਾਂਦੀ ਹੈ ਕੁਝ ਅਜਿਹਾ ਯੋਗਦਾਨ ਆਪ ਨੇ ਸੰਗੀਤ ਜਗਤ ਵਿੱਚ ਵੀ ਪਾਇਆ ਹੈ। ਗੁਰੂ ਨਾਨਕ ਸਾਹਿਬ ਦੁਆਰਾ ਸਥਾਪਿਤ ਗੁਰਮਤਿ ਸੰਗੀਤ ਨੂੰ ਆਪ ਨੇ ਕ੍ਰਿਆਤਮਕ ਰੂਪ ਵਿੱਚ ਨਿਭਾਉਂਦਿਆ ਆਪਣੇ ਯੋਗਦਾਨ ਦੁਆਰਾ ਹੋਰ ਪ੍ਰਫੁਲਤ ਕੀਤਾ ਹੈ, ਦਸਮ ਪਾਤਸ਼ਾਹ ਸਰੰਦਾ ਸਾਜ਼ ਵਜਾਉਣ ਵਿੱਚ ਨਿਪੁੰਨ ਸਨ। ਉਨ੍ਹਾਂ ਨੇ ਤਾਨਪੁਰਾ ਨੂੰ ਗੁਰਮਤਿ ਸੰਗੀਤ ਵਿੱਚ ਪ੍ਰਚਲਤ ਕੀਤਾ। ਆਪਨੇ ਭਿੰਨ ਭਿੰਨ ਰਾਗਾਂ ਵਿੱਚ ਆਪਣੀ ਬਾਣੀ ਉਚਾਰੀ ਅਤੇ ਇਸੇ ਕ੍ਰਮ ਵਿੱਚ ਆਪ ਜੀ ਦੀਆਂ ਮਹਾਨ ਰਚਨਾਵਾਂ "ਸ੍ਰੀ ਦਸਮ ਗ੍ਰੰਥ ਸਾਹਿਬ" ਤੇ "ਸ੍ਰੀ ਸਰਬਲੋਹ ਗ੍ਰੰਥ ਸਾਹਿਬ ਜੀ" ਵਿਲੱਖਣ ਅਤੇ ਅਦੁੱਤੀ ਰਚਨਾਵਾਂ ਹਨ।

## ਸ੍ਰੀ ਦਸਮ ਗ੍ਰੰਥ ਸਾਹਿਬ

ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਸੰਗੀਤਕ ਪ੍ਰਵਾਹ, ਸੰਗੀਤਕ ਸੰਵਾਦਿਤਾ ਤੇ ਸੰਗੀਤਕ ਸ਼ਬਦਾਵਲੀ ਦਾ ਪ੍ਰਯੋਗ ਗੁੱਝਾ ਨਹੀ, ਜਿਸਦਾ ਉਚਤਮ ਨਮੂਨਾ ਜਾਪੁ ਸਾਹਿਬ ਤੋਂ ਪ੍ਰਗਟ ਹੈ, ਜਿਸ ਗਾਇਨ ਦੇ ਸਮੁੱਚੇ ਰੂਪ ਗਾਇਨ, ਵਾਦਨ, ਨਿਰਤ, ਨਾਦ ਅਤੇ ਤਾਨਾਂ ਦਾ ਅਨੂਪਮ ਤੇ ਅਨੂਠਾ ਵਰਨਣ ਹੈ।

*'ਨਮੋ ਗੀਤ ਗੀਤੇ, ਨਮੋ ਤਾਨ ਤਾਨੇ॥*
*ਨਮੋ ਨ੍ਰਿਤ ਨ੍ਰਿਤੇ, ਨਮੋ ਨਾਦ ਨਾਦੇ॥'*

ਦਸਮ ਗ੍ਰੰਥ ਲਿਖਣ ਦੀ ਸੇਵਾ ਭਾਈ ਮਨੀ ਸਿੰਘ ਜੀ ਨੇ ਕੀਤੀ। ਜਿਸਦਾ ਨਾਮ 'ਦਸਮੀ ਪਾਤਸ਼ਾਹੀ ਦਾ ਗ੍ਰੰਥ' ਰੱਖਿਆ। ਇਸ ਗ੍ਰੰਥ ਵਿਚ ਹੇਠ ਲਿਖੇ ਸਿਰਲੇਖਾਂ ਅਨੁਸਾਰ ਬਾਣੀ ਦਰਜ ਹੈ : ਜਾਪੁ ਸਾਹਿਬ, ਅਕਾਲ ਉਸਤਤਿ, ਬਚਿਤ੍ਰ ਨਾਟਕ, ਚੰਡੀ ਚਰਿਤ੍ਰ, ਚੰਡੀ ਚਰਿਤ੍ਰ ਦੂਜਾ, ਤ੍ਰਿਆ ਚਰਿਤ੍ਰ ਚੌਪਈ, ਸ੍ਰੀ ਭਗੌਤੀ ਕੀ ਵਾਰ, ਗਿਆਨ ਪ੍ਰਬੋਧ, ਚੌਬੀਸ ਅਵਤਾਰ, ਸ਼ਸਤਰ ਨਾਮ ਮਾਲਾ, 33 ਸਵੱਯੇ, ਇੱਕ ਦੋਹਰਾ, ਜ਼ਫਰਨਾਮਾ, ਹਕਾਯਤਾਂ ਤੋਂ ਬਿਨਾਂ ਰਾਮਕਲੀ, ਸੋਰਠਿ, ਕਲਿਆਣ, ਇੱਕ ਖ਼ਿਆਲ, ਕਾਫੀ ਤਿਲੰਗ, ਬਿਲਾਵਲ ਅਤੇ ਦੇਵਗੰਧਾਰੀ ਰਾਗਾਂ ਵਿੱਚ ਸ਼ਬਦ ਲਿਖੇ ਹਨ, ਇਸੇ ਗ੍ਰੰਥ ਵਿੱਚ 'ਸੰਗੀਤ ਛੰਦ' ਆਪਦੀ ਕਲਾ ਕ੍ਰਿਤੀ ਦੀ ਉਚਤਮ ਉਦਾਹਰਣ ਹੈ। ਸੰਗੀਤ ਛੰਦ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਮ੍ਰਿਦੰਗ ਦੇ ਭਿੰਨ ਭਿੰਨ ਬੋਲਾਂ ਦੇ ਅਧਾਰ ਤੇ ਕਾਵਿ ਰਚਨਾ ਕੀਤੀ ਹੈ। ਉਨ੍ਹਾਂ ਵਿਚੋਂ ਸੱਤ ਪ੍ਰਕਾਰ ਇਸ ਤਰ੍ਹਾਂ ਹਨ :

1. ਸੰਗੀਤ ਛਪਯ : ਕੁਪਯੋ ਕਪੀ ਕਟਕ ਬਗਦੜੀ ਰਣ ਬਜੰਗ ॥( (ਰਾਮ ਅਵਤਾਰ)
2. ਸੰਗੀਤ ਨਰਾਜ : ਸੁਵੀਰ ਜਾਗੜਦੇ ਜਗੇ, ਲੜਾਕ ਲਾਗੜਦੇ ਪਗੇ। (ਚੰਡੀ ਚਰਿਤਰ 2)
3. ਸੰਗੀਤ ਪਪਿਸ਼ਟਕਾ : ਕਾਗੜਦੀ ਕੋਪ ਕੈ ਦੈਤ ਰਾਜ (ਰਾਮ ਅਵਤਾਰ)
4. ਸੰਗੀਤ ਪਾਧੜੀ : ਤਾਗੜਦੰਗ ਤਾਕ ਬਾਜਤ ਮੁਚੰਗ॥ (ਮਨੁਰਾਜ)
5. ਸੰਗੀਤ ਬਹੜਾ : ਸਗੜ ਦਿਸਾਂਗ ਸੰਗ੍ਰਹੇ, ਤਗੜ੍ਹਦਿ ਰਣ ਤੁਰੇ ਨਚਾਵੈ। (ਰਾਮ ਅਵਤਾਰ)
6. ਸੰਗੀਤ ਭੁਜੰਗ ਪ੍ਰਯਾਤ : ਸਾਗੜਦੰਗ ਮੁਹੰ, ਕਾਗੜਦੰਗ ਕੋਪੰ॥
7. ਸੰਗੀਤ ਮਧੁਭਾਰ : ਕਾਗੜਦੰ ਕੜਾਕ, ਤਾਗੜ ਦੰਗ ਤੜਾਕ ॥

ਉਕਤ ਸੰਖੇਪ ਹਵਾਲਿਆਂ ਤੋਂ ਪ੍ਰਤੱਖ ਹੈ ਕਿ ਇਹ ਗ੍ਰੰਥ ਭਾਰਤੀ ਸੰਗੀਤ ਪਰੰਪਰਾ ਦੇ ਅਧਿਐਨ ਲਈ ਵੀ ਮਹੱਤਵ ਪੂਰਣ ਗ੍ਰੰਥ ਹੈ।

## ਸ੍ਰੀ ਦਸਮ ਗ੍ਰੰਥ ਵਿੱਚ ਪ੍ਰਯੁਕਤ ਰਾਗ

ਸ੍ਰੀ ਦਸਮ ਗ੍ਰੰਥ ਵਿੱਚ ਵਿਭਿੰਨ ਪਰਕਾਰ ਦੇ ਰਾਗ ਜਿਵੇਂ ਸ੍ਰੀ ਰਾਗ, ਸਾਰੰਗ, ਗਉੜੀ, ਭੈਰਉ, ਰਾਮਕਲੀ, ਗੂਜਰੀ, ਦੇਵ-ਗੰਧਾਰੀ, ਪ੍ਰਭਾਤੀ, ਧਨਾਸਰੀ, ਬਿਲਾਵਲ, ਸੂਹੀ, ਮਾਝ, ਆਸਾ, ਆਸਾਵਰੀ, ਬਿਹਾਗੜਾ, ਮਾਰੂ, ਕਲਯਾਨ, ਪਰਜ, ਸੋਰਠਿ, ਜੈਤਸਰੀ, ਨਟ-ਨਰਾਇਣ, ਗੌਂਡ, ਕਾਨੜਾ, ਤੁਖਾਰੀ, ਗੰਭੀਰ, ਕੁੰਡ, ਮਲਾਰ, ਬਸੰਤ, ਮਾਲਕੌਂਸ ਆਦਿ ਦਾ ਪ੍ਰਯੋਗ ਕੀਤਾ ਗਿਆ ਹੈ।

ਉਪਰੋਕਤ ਕਾਵਿ ਅਤੇ ਰਾਗ ਪਰਕਾਰਾਂ ਤੋਂ ਬਿਨਾਂ ਹੋਰ ਵੀ ਬਹੁਤ ਪਰਕਾਰਾਂ ਦੀ ਵਰਤੋਂ ਕੀਤੀ ਗਈ ਹੈ। ਇੱਥੇ ਤਾਂ ਕੇਵਲ ਕੁਝ ਕੁ ਨਾਮ ਹੀ ਸਾਂਝੇ ਕਰਨ ਦਾ ਯਤਨ ਕੀਤਾ ਹੈ।

## ਸ੍ਰੀ ਸਰਬਲੋਹ ਗ੍ਰੰਥ ਸਾਹਿਬ

ਸ੍ਰੀ ਸਰਬਲੋਹ ਗ੍ਰੰਥ ਸਾਹਿਬ ਵੀ 'ਸ੍ਰੀ ਦਸਮ ਗ੍ਰੰਥ ਸਾਹਿਬ' ਦੀ ਭਾਂਤੀ ਗੁਰੂ ਗੋਬਿੰਦ ਸਿੰਘ ਜੀ ਦੀ ਉਚਤਮ ਪ੍ਰਤਿਭਾ ਦਾ ਪਰਤੱਖ ਪਰਮਾਣ ਹੈ। ਇਸਦੇ ਕਾਵਿ-ਪਰਬੰਧ, ਛੰਦ-ਪਰਕਾਰਾਂ ਅਤੇ ਸੰਗੀਤਕ ਬਣਤਰ, ਰਸ, ਗੀਤਿ ਅਤੇ

* 2107, ਅਰਬਨ ਅਸਟੇਟ-II, ਪਟਿਆਲਾ

ਲੈਅ ਵਿੱਚ ਭਿੱਜ ਕੇ ਪਾਠਕ, ਸ੍ਰੋਤੇ ਜਾਂ ਗਾਇਕ ਨੂੰ ਆਪ ਮੁਹਾਰੇ ਹੀ ਇਕ ਅਕਹਿ ਮੰਡਲ ਵਿੱਚ ਗੜੂੰਦ ਕਰ ਲੈਂਦੇ ਹਨ। ਇਸ ਵਿੱਚ ਬਹੁ ਪ੍ਰਕਾਰ ਦੇ ਰਾਗਾਂ ਦਾ ਵਰਣਨ ਹੋਇਆ ਹੈ।

**ਸ੍ਰੀ ਸਰਬਲੋਹ ਗ੍ਰੰਥ ਸਾਹਿਬ ਵਿੱਚ ਪ੍ਰਯੁਕਤ ਰਾਗ**

ਸਾਰੰਗ, ਗਉੜੀ, ਭੈਰਉ, ਰਾਮਕਲੀ, ਗੂਜਰੀ, ਦੇਵਗੰਧਾਰੀ, ਪ੍ਰਭਾਤੀ, ਧਨਾਸਰੀ, ਬਿਲਾਵਲ, ਸੂਹੀ, ਤੇਲੰਗ, ਸ੍ਰੀ ਰਾਗ, ਮਾਝ, ਆਸਾ, ਆਸਾਵਰੀ, ਨਟ, ਮਾਲੀ ਗਉੜਾ, ਕਾਨੜਾ, ਕਲਯਾਨ ਮਾਰੂ, ਪਰਜ, ਕੇਦਾਰਾ, ਸੋਰਠਿ, ਜੈਜਾਵੰਤੀ, ਤੁਖਾਰੀ, ਬਿਹਾਗੜਾ, ਜੈਤਸਰੀ, ਬੈਰਾੜੀ, ਟੋਡੀ, ਗੌਂਡ, ਹਮੀਰ, ਗੰਭੀਰ, ਕੁੰਭ, ਮਲਾਰ, ਬਸੰਤ, ਦੀਪਕ, ਹਰਖ, ਦਿਸਾਖ, ਮਧੁਮਾਧੋ, ਭੈਰਵੀ, ਬਿਲਾਵਲ, ਬੰਗਾਲਮ, ਬੰਗੁਲੀ, ਅਸਲੇਖੀ, ਲਲਿਤ ਗੰਧਾਰੀ, ਸੀਹੁਤੀ, ਮਸਤ ਅੰਗ, ਗੌਂਡ ਕਰੀ, ਮੇਵਰਾ, ਪ੍ਰਬਲਚੰਡ, ਕਉਸਕ, ਕਉਭਾਰਾ, ਖਉਖਟ, ਤਯਲੰਗੀ ਭਉਰਾ, ਸੰਧੂਰ, ਸਰਸ, ਕਛੇਲੀ, ਪਟ, ਮੰਜਰੀ, ਕਾਮੋਦੀ, ਕਾਲੰਕਾ, ਕੁਤੰਲ, ਭਾਸਕਰ, ਚੰਦ੍ਰਬਿੰਬ, ਸਰਸਬਾਨ, ਕਮਲ, ਚੰਪਕ, ਮੰਗਲਨ, ਕੁਸਮ, ਸਯਾਮ, ਜਲਧਾਰਾ, ਬੈਰਾਧਰ, ਸੁਰਮਾਨੰਦ, ਗਜਧਰ, ਕਮੋਦ, ਰਾਮਾ, ਸਿੰਧਵੀ, ਮੇਘ, ਜਬਲੀਧਰ, ਜੰਘਲਾ, ਕਾਫੀ, ਖੰਭਾਯਚ, ਰਸਾਲੂ, ਭੀਖਕ, ਦੇਵ ਪਲਾਸੀ, ਗੁਣਵੰਤੀ, ਝੰਝੋਟੀ, ਬੰਗਲੀ, ਵਡਹੰਸ, ਹੰਸ ਧੁਜੀ, ਮਯਨ ਧੁਜੀ, ਮਾਲ ਧੁਜੀ, ਸਪਰਨ ਧੁਜੀ, ਸਹਸਧੁਜੀ, ਲੱਛ ਧੁਜੀ, ਅਨੰਦ ਧੁਜੀ, ਗਜ ਧੁਜੀ, ਮੇਘ ਬਰਨੀ, ਚੰਦ੍ਰ ਪ੍ਰਭੂ, ਐਰਾਵਤੀ, ਅਮਾਲੀ, ਰੋਮਾਵਲੀ, ਗਜ ਕੁਸਮੀ, ਭੀਮ ਪਲਾਸੀ, ਚੰਦ੍ਰ ਪਲਾਸੀ, ਗਜ ਪਲਾਸੀ, ਰਾਜ ਪਲਾਸੀ, ਧਨਾਸਰੀ, ਚੰਦ੍ਰ ਭਾਸ ਆਦਿ।

**ਸ੍ਰੀ ਸਰਬਲੋਹੁ ਗ੍ਰੰਥ ਵਿਚ ਪ੍ਰਯੁਕਤ ਰਾਗ-ਪ੍ਰਕਾਰ**

ਧਨਾਸਰੀ ਅੰਬਿਕਾ, ਬਿਲਾਵਲ ਮੰਗਲ, ਤੇਲੰਗ ਕਾਫੀ, ਗਉੜੀ ਪੂਰਬੀ, ਗਉੜੀ ਬੈਰਾਗਣ, ਗਉੜੀ ਚੇਤੀ, ਆਸਾ ਕਾਫੀ, ਨਟ ਨਾਰਾਇਣ, ਮਲ੍ਹਾਰ ਭੈਰਉ, ਮਲ੍ਹਾਰ ਸੰਗੀਤੀ, ਮਲ੍ਹਾਰ ਸਿਆਮ, ਭਾਸਕਰ ਹਿੰਦਵੀ, ਹਿੰਡੋਲ ਧਨਾਸਰੀ, ਹਿੰਡੋਲ ਦਾਦਰਾ, ਮਾਲਕੌਸ ਮੇਘਮੇਲਾ, ਅਹੀਰੀ ਗੰਧਰਬੀ, ਅਹੀਰੀ ਹਿੰਦਵੀ, ਅਹੀਰੀ ਗੁਆਰੇਰੀ, ਅਹੀਰੀ ਗੂਜਰੀ, ਦਰਬਾਰੀ ਪੁਨਯਾਂਕੀ, ਲਲਿਤ ਫਿਰੰਗੀ, ਪ੍ਰਭਾਤੀ ਸ਼ੰਕਰ, ਬਿਹਾਗ ਭੋਪਾਲੀ, ਵਡਹੰਸ ਕਰਖਾ, ਜੈਤਸਰੀ ਦੱਖਣੀ, ਮਾਲਕੌਸ ਦੱਖਣੀ, ਵਡਹੰਸ ਦੱਖਣੀ, ਦੀਪਕ ਕਰਨਾਟੀ, ਬੈਰਾੜੀ ਪੂਰਬੀ, ਪੂਰਬੀ ਬੰਗਾਲੀ ਆਦਿ,

ਉਕਤ ਵਰਣਿਤ ਰਾਗਾਤਮਿਕ ਸੰਖੇਪ ਪਰਿਚਯ ਤੋਂ ਸਹਿਜ ਹੀ "ਸ਼੍ਰੀ ਦਸ਼ਮੇਸ਼ ਪਿਤਾ" ਦੀ ਸੰਗੀਤ ਪ੍ਰਤੀ ਸੂਝ ਬੂਝ ਦੇ ਦਰਸ਼ਨ ਹੁੰਦੇ ਹਨ ਅਤੇ ਪਤਾ ਲਗਦਾ ਹੈ ਕਿ ਪਿਉ-ਦਾਦੇ ਦਾ ਅਖੁੱਟ ਖਜ਼ਾਨਾ ਕਿਤਨਾ ਵਿਸ਼ਾਲ ਅਤੇ ਗਹਿਰਾ ਹੈ। ਲੋੜ ਤਾਂ ਹੈ ਕੇਵਲ ਇਸ ਗੌਰਵਮਈ ਅਦਭੁੱਤ ਸੰਗੀਤਆਤਮਕ ਖਜ਼ਾਨੇ ਨੂੰ ਪੜ੍ਹਨ ਅਤੇ ਪ੍ਰਯੋਗ ਵਿਚ ਲਿਆਉਣ ਦੀ। ■

**Even 16 years hence**
**our wedding on the video film shot by Tej......**
beautiful moments captured on superfine video films with every detail in colour with sound and music




COLOUR PICTURES, BLACK & WHITE PICTURES ARE OUR SPECIALITY ON WEDDING.
SAVE HUNDERDS OF RUPEES CONTACT PERSONALLY OR CALL ON US OUTSTATION WEDDINGS COVERAGE ALSO UNDERTAKEN

*Colour come alive at* Tejee's
**STUDIO-17**
11, 1st Floor, Sector 17-E, Chandigarh-160 017 INDIA
Studio & Labs Telephone : 704111,
Mobile : 9814087812 Resi : 544430

**With best compliments**

T.P. Singh Mehta
Jaswinder Kaur

MICKEY
CHILDRESSERS

18/5 (Basement), West Patel Nagar,
New Delhi 110 008

Tele Fax :5761811, 5761812
5742667, 5745228 (R)
Mobile : 98110-48026

# ਰਾਗ, ਮਹਲਾ ਤੇ ਘਰ

ਬੇਦੀ ਲਾਲ ਸਿੰਘ (ਸਾਹਿਤਕਾਰ)*

ਜਦੋਂ ਕਿਸੇ ਰਾਗੀ ਨੂੰ ਪੁੱਛੀਏ ਕਿ ਭਾਈ ਸਾਹਿਬ ਆਪ ਕਿਹੜਾ ਕਿਹੜਾ ਰਾਗ ਜਾਣਦੇ ਹੋ ਤਾਂ ਉੱਤਰ ਹੋਵੇਗਾ ਕਿ ਆਮ ਤੌਰ ਤੇ ਰਾਗ ਆਸਾ ਹੀ ਜਾਣਦੇ ਹਾਂ ਕਿਉਂਕਿ ਇਸ ਰਾਗ ਵਿੱਚ 'ਆਸਾ ਦੀ ਵਾਰ' ਗਾਈ ਜਾਂਦੀ ਹੈ। ਹੋਰ ਕੋਈ ਵਿਸ਼ੇਸ਼ ਰਾਗ ਅਸੀਂ ਨਹੀਂ ਜਾਣਦੇ ਕਿਉਂ ਜੋ ਹੋਰ ਕਿਸੇ ਰਾਗ ਦੀ ਸਾਨੂੰ ਲੋੜ ਹੀ ਨਹੀਂ ਪੈਂਦੀ। ਅਸੀਂ ਕੁਝ ਸ਼ਬਦ ਮਾਰੂ ਰਾਗ ਵਿੱਚ ਗਾਉਣ ਲਈ ਇਸ ਲਈ ਸਿੱਖ ਲੈਂਦੇ ਹਾਂ ਕਿ ਸਿੱਖ ਪਰੰਪਰਾ ਵਿੱਚ ਮ੍ਰਿਤੂ ਸਮੇਂ ਮਾਰੂ ਰਾਗ ਦੇ ਸ਼ਬਦ ਗਾਉਣੇ ਹੁੰਦੇ ਹਨ। ਵੈਸੇ ਮਾਰੂ ਰਾਗ ਦਾ ਸਾਨੂੰ ਰਾਗ ਦੇ ਨਿਯਮਾਂ ਦੇ ਅਧਾਰ ਤੇ ਕੋਈ ਗਿਆਨ ਨਹੀਂ । ਇਸੇ ਤਰ੍ਹਾਂ ਕੁਝ ਸ਼ਬਦ ਗੁਜਰੀ ਅਤੇ ਸੂਹੀ ਰਾਗਾਂ ਦੇ ਸਿੱਖ ਕੇ ਕੰਠ ਕਰਕੇ ਆਪਾਂ ਗਾਉਂਦੇ ਹਾਂ ਪਰ ਰਾਗ ਦੇ ਨਿਯਮਾਂ ਦੇ ਆਧਾਰ ਤੇ ਨਹੀਂ । ਸੁਰ ਮਿੱਠਾ ਤੇ ਤਾਨ ਸੁਰੀਲਾ ਹੋਣ ਕਰਕੇ ਸਾਡਾ ਪਰਦਾ ਬਣਿਆ ਰਹਿੰਦਾ ਹੈ। ਸਰੋਤੇ ਪੁੱਛ ਪੜਤਾਲ ਨਹੀਂ ਕਰਦੇ। ਉਹ ਤੇ ਕੇਵਲ ਸੁਣਦੇ ਹਨ ਕਿ ਰਾਗੀ ਦਾ ਗਲਾ ਰਸਦਾਇਕ ਹੈ। ਰਸਦਾਇਕ ਹੋਣ ਕਰਕੇ ਸੂਹੀ ਰਾਗ ਦਾ ਸ਼ਬਦ ਫਿਲਮੀ ਗੀਤਾਂ ਦੀਆਂ ਰਸਭਿੰਨੀਆਂ ਸੁਰਾਂ ਤੇ ਗਾਉਣ ਸਮੇਂ ਸਰੋਤੇ ਬੜੀ ਪ੍ਰਸੰਨਤਾ ਪ੍ਰਾਪਤ ਕਰਦੇ ਹਨ। ਕਿਉਂਕਿ ਉਹਨਾਂ ਨੂੰ ਰਾਗ ਦੇ ਸਰੂਪ ਵਿੱਚ ਰਾਗੀ ਨੂੰ ਕਹਿਣ ਦਾ ਗਿਆਨ ਨਹੀਂ ਹੁੰਦਾ। ਉਹ ਤਾਂ ਕੇਵਲ ਕੰਨ ਰਸ ਦੇ ਵਣਜਾਰੇ ਹੁੰਦੇ ਹਨ। ਵਿਰਲੇ ਗੁਰਮੁਖ ਹੀ ਰਾਗਾਂ ਦਾ ਗਿਆਨ ਰੱਖਦੇ ਹਨ। ਉਹੀ ਰੋਸ ਕਰਦੇ ਹਨ ਕਿ ਭਾਈ ਜੀ ਸ਼ਬਦ ਤਾਂ ਸੂਹੀ ਰਾਗ ਦਾ ਹੈ ਤੇ ਤੁਸੀਂ ਫਿਲਮੀ ਗੀਤਾਂ ਦੀਆਂ ਸੁਰਾਂ ਤੇ ਗਾ ਰਹੇ ਹੋ। ਸ਼ਬਦ ਜਿਸ ਰਾਗ ਵਿੱਚ ਗੁਰੂ ਜੀ ਨੇ ਰਚਿਆ ਹੈ ਉਸੇ ਰਾਗ ਵਿੱਚ ਗਾਇਨ ਕਰਨਾ ਚਾਹੀਦਾ ਹੈ। ਅਜਿਹਾ ਨਾ ਕਰਨ ਨਾਲ ਸ਼ਬਦ ਦੀ ਨਿਰਾਦਰੀ ਹੁੰਦੀ ਹੈ ਅਤੇ ਇਹ ਗੱਲ ਗੁਰਮਤਿ ਦੇ ਆਸ਼ੇ ਭਾਵ ਮਰਿਆਦਾ ਦੇ ਉਲਟ ਚਲੀ ਜਾਂਦੀ ਹੈ।

ਸਿੱਖਾਂ ਵਿੱਚ ਰਾਗਾਂ ਦਾ ਗਿਆਨ ਬਹੁਤ ਘੱਟ ਸੱਜਣਾਂ ਕੋਲ ਹੈ। ਚੰਗੇ ਪੜ੍ਹੇ ਲਿਖੇ ਤੇ ਅੰਮ੍ਰਿਤਧਾਰੀ ਸਿੰਘ ਵੀ ਰਾਗਾਂ ਵੱਲੋਂ ਅਣਜਾਣ ਹੀ ਹੁੰਦੇ ਹਨ। ਖਾਸ ਕਰਕੇ ਪੇਂਡੂ ਸਿੱਖ ਤਾਂ ਰਾਗਾਂ ਦੇ ਗਿਆਨ ਤੋਂ ਬਿਲਕੁਲ ਕੋਰੇ ਹੁੰਦੇ ਹਨ। ਸ਼ਹਿਰੀ ਉਹਨਾਂ ਕੋਲੋਂ ਵਧੇਰੇ ਰਾਗਾਂ ਦੀ ਸੂਝ ਰੱਖਦੇ ਹਨ ਕਿਉਂਕਿ ਸ਼ਹਿਰੀ ਲੋਕ ਰਾਗਾਂ ਦੀ ਜਾਣਕਾਰੀ ਵਿੱਚ ਵਿਸ਼ੇਸ਼ ਦਿਲਚਸਪੀ ਰੱਖਦੇ ਹਨ। ਉਸ ਦਾ ਇੱਕ ਕਾਰਨ ਇਹ ਵੀ ਹੈ ਕਿ ਸ਼ਹਿਰਾਂ ਵਿੱਚ ਸੰਗੀਤ ਸਮਾਗਮ ਤੇ ਕੀਰਤਨ ਦਰਬਾਰ ਹੁੰਦੇ ਰਹਿੰਦੇ ਹਨ। ਅਜਿਹੇ ਮੌਕਿਆਂ ਤੇ ਪੱਕੇ ਰਾਗ ਹੀ ਗਾਏ ਜਾਂਦੇ ਹਨ । ਜਿੱਥੇ ਸਰੋਤਿਆਂ ਨੂੰ ਰਾਗਾਂ ਦੀ ਵਿਆਖਿਆ ਕਰਕੇ ਵੀ ਦੱਸਿਆ ਜਾਂਦਾ ਹੈ। ਭਾਵ ਕਿ ਇਹ ਸੂਹੀ ਰਾਗ ਹੈ ਤੇ ਫਲਾਨੇ ਤਾਲ ਵਿੱਚ ਗਾਇਆ ਜਾ ਰਿਹਾ ਹੈ। ਕੁਝ ਵਿਸ਼ੇਸ਼ ਤਿਉਹਾਰਾਂ 'ਤੇ ਵਿਸ਼ੇਸ਼ ਕੀਰਤਨ ਦਰਬਾਰ ਕਰਵਾਏ ਜਾਂਦੇ ਹਨ। ਜਿਸਦੇ ਨਾਲ ਸ਼ਹਿਰੀਆਂ ਨੂੰ ਵੀ ਰਾਗਾਂ ਦਾ ਗਿਆਨ ਹੋ ਜਾਂਦਾ ਹੈ, ਅੰਮ੍ਰਿਤਸਰ ਦੀਆਂ ਹੋਲੀਆਂ ਤੇ ਭਾਰਤ ਭਰ ਚੋਂ ਪ੍ਰਸਿੱਧ ਸੰਗੀਤਕਾਰਾਂ ਨੂੰ ਵਿਸ਼ੇਸ਼ ਸੱਦੇ ਭੇਜ ਕੇ ਬੁਲਾਇਆ ਜਾਂਦਾ ਹੈ। ਇਹਨਾਂ ਦਰਬਾਰਾਂ ਵਿੱਚ ਸੰਗੀਤਕਾਰ ਆਪਣੀਆਂ ਕਲਾਵਾਂ ਦਾ ਵਿਖਾਵਾ ਕਰਦੇ ਹਨ ਜਿਹਨਾਂ ਤੋਂ ਸਰੋਤਾ ਰਾਗ ਸੁਣ ਸੁਣ ਕੇ ਹੀ ਰਾਗਾਂ ਦਾ ਚੰਗਾ ਗਿਆਨ ਪ੍ਰਾਪਤ ਕਰ ਲੈਂਦੇ ਹਨ।

ਗੁਰਬਾਣੀ ਸ਼ਬਦ ਦੇ ਪਹਿਲਾਂ ਲਿਖਿਆ ਹੁੰਦਾ ਹੈ ਮਹਲਾ ਕਈ ਵਿਦਵਾਨ ਇਸ ਨੂੰ 'ਮਹੱਲਾ' ਕਰਕੇ ਉਚਾਰਦੇ ਹਨ। 'ਮਹਲਾ' ਅਤੇ 'ਮਹੱਲਾ' ਦੋਵੇਂ ਪੱਖਾਂ ਦੇ ਵਿਦਵਾਨਾਂ ਨੇ ਇਹਨਾਂ ਨੂੰ ਸਪਸ਼ਟ ਕਰਨ ਲਈ ਕਈ ਗ੍ਰੰਥ ਲਿਖੇ ਹਨ। ਪ੍ਰੋ: ਸਾਹਿਬ ਸਿੰਘ ਜੀ ਡੀ.ਲਿੱਟ, ਪ੍ਰਿੰਸੀਪਲ ਭਾਈ ਹਰਭਜਨ ਸਿੰਘ ਜੀ, ਪ੍ਰੋ. ਹਰਕੀਰਤ ਸਿੰਘ, ਪੰਡਤ ਤਾਰਾ ਸਿੰਘ ਜੀ ਨਰੋਤਮ ਆਦਿ ਵਿਦਵਾਨਾਂ ਨੇ 'ਮਹਲਾ ਸ਼ਬਦ ਦੀ ਪੁਸ਼ਟੀ ਕੀਤੀ ਹੈ ਤੇ ਲਿਖਆ ਹੈ ਕਿ ਗੁਰੂ ਸਾਹਿਬ ਨੇ ਸਾਰੀ ਦੀ ਸਾਰੀ ਬਾਣੀ ਇਸਤਰੀ ਰੂਪ ਬਣ ਕੇ ਲਿਖੀ ਹੈ । ਇਸ ਲਈ ਇਸ ਸ਼ਬਦ 'ਮਹੱਲਾ' ਨੂੰ 'ਮਹਲਾ' ਪੜ੍ਹਨਾ ਚਾਹੀਦਾ ਹੈ। ਦੂਜੇ ਪਾਸੇ ਗਿਆਨੀ ਗੁਰਬਚਨ ਸਿੰਘ, ਗਿਆਨੀ ਗੁਰਦਿੱਤ ਸਿੰਘ ਤੇ ਹੋਰ ਸੰਤ ਸੰਪਰਦਾਵਾਂ ਜਿਨ੍ਹਾਂ ਵਿਚ ਨਾਨਕ ਪੰਥੀ, ਉਦਾਸੀ, ਨਿਰਮਲੇ ਤੇ ਨਿਰੰਕਾਰੀ ਸ਼ਾਮਿਲ ਹਨ, ਸਾਰਿਆਂ ਨੇ ਮਹਲਾ ਸ਼ਬਦ ਦੀ ਥਾਂ ਇਸ ਸ਼ਬਦ ਦਾ ਉਚਾਰਨ ਮਹੱਲਾ ਹੀ ਪ੍ਰਸਿੱਧ ਕੀਤਾ ਹੋਇਆ ਹੈ।

ਸਿੱਖਾਂ ਦੀਆਂ ਪ੍ਰਮੁੱਖ ਕਮੇਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਮਹਲਾ' ਦੀ ਥਾਂ ਇਸ ਸ਼ਬਦ ਦਾ ਉਚਾਰਨ 'ਮਹੱਲਾ' ਹੀ ਮੰਨ ਕੇ ਸ੍ਰੀ ਹਰਿਮੰਦਰ ਸਾਹਿਬ ਦਾ ਜੋ ਅੰਮ੍ਰਿਤ ਵੇਲੇ ਵਾਕ ਲਿਆ ਜਾਂਦਾ ਹੈ, ਇਸ ਵਿੱਚ ਮੁੱਖ ਗ੍ਰੰਥੀ ਸਾਹਿਬ ਮਹਲਾ ਨੂੰ 'ਮਹੱਲਾ' ਹੀ ਉਚਾਰਨ ਕਰਦੇ ਹਨ। ਇਸੇ ਕਰਕੇ ਬਾਕੀ ਦੇ ਸਾਰੇ ਸ਼ਹਿਰਾਂ, ਪਿੰਡਾਂ ਅਤੇ ਇਤਿਹਾਸਿਕ ਗੁਰਦੁਆਰਿਆਂ ਵਿੱਚ ਇਸ ਸ਼ਬਦ ਨੂੰ 'ਮਹੱਲਾ' ਹੀ ਬੋਲਿਆ ਜਾਂਦਾ ਹੈ। ਜਿਹੜੀ ਗੱਲ ਪ੍ਰਚਲਿਤ ਹੋ ਜਾਵੇ ਉਸ ਵਿੱਚ ਤਬਦੀਲੀ ਅਸੰਭਵ ਹੋ ਜਾਂਦੀ ਹੈ।

ਮਹਲੇ ਦੇ ਨਾਲ ਹੀ ਰਾਗ ਸ਼ਬਦ ਲਿਖਿਆ ਹੁੰਦਾ ਹੈ। ਇਸ ਦੇ ਨਾਲ ਹੀ ਸ਼ਬਦ 'ਘਰ' ਲਿਖਿਆ ਹੁੰਦਾ ਹੈ। ਜਿਸ ਦਾ ਭਾਵ ਹੈ ਕਿ ਇਹ ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਲਿਖਿਆ ਹੋਇਆ ਹੈ। ਜੋ ਰਾਗ ਆਸਾ ਵਿੱਚ ਘਰ ਤਿੰਨ ਤੇ ਗਾਇਆ ਗਿਆ ਹੈ। ਰਾਗ ਦੇ ਪ੍ਰਤੀ ਲੇਖਕ 'ਅੰਮ੍ਰਿਤ ਕੀਰਤਨ'

*48/1, ਬੇਦੀ ਨਿਵਾਸ, ਨਰੈਣ ਗੜ੍ਹ ਛਿਹਰਟਾ, ਅੰਮ੍ਰਿਤਸਰ – 143 106

ਵਿੱਚ ਲੇਖ ਲਿਖ ਚੁੱਕਾ ਹੈ। ਆਪ ਉਸ ਤੋਂ ਪੜ੍ਹ ਸਕਦੇ ਹੋ। ਇਸ ਸੰਖੇਪ ਜਿਹੇ ਲੇਖ ਵਿੱਚ ਫਿਰ ਅੱਜ ਦਾਸ ਆਪ ਵੱਲ ਰੂਬਰੂ ਹੁੰਦਾ ਹੈ ਅਤੇ ਘਰ ਸ਼ਬਦ ਦੀ ਵਿਆਖਿਆ ਆਪ ਜੀ ਨੂੰ ਪੇਸ਼ ਕਰਨ ਦੀ ਪ੍ਰਸੰਨਤਾ ਲੈਂਦਾ ਹੈ।

ਸ਼ਬਦ ਹੈ 'ਘਰ'। (ਸੰ) ਸੰਸਕ੍ਰਿਤ ਗ੍ਰਿਹਿ, ਪ੍ਰਾਕ੍ਰਿਤ ਤੇ ਪੰਜਾਬੀ = ਘਰ, ਅਰਥ ਹਨ,

1. ਰਹਿਣ ਦੀ ਥਾਂ।

2. ਮਕਾਨ, ਯਥਾ:- "ਘਰੁ ਬਾਲੂ ਕਾ ਅਮਨ ਘੇਰਿ" (1185) ਭਾਵ ਪਵਨ ਦੇ ਘੁੰਮਣ ਘੇਰ ਅੱਗੇ ਰੇਤ ਦੇ ਘਰ ਵਾਂਙ ਕਾਲ ਦੇ ਚੱਕਰ ਵਿੱਚ ਇਹ ਠਹਿਰਣ ਵਾਲੀ ਨਹੀਂ।

3. ਕਿਤੇ ਕਿਤੇ 'ਘਰ' ਸ਼ਬਦ ਸ਼ਸਤਰ ਦੇ ਵੀ ਦੇਂਦਾ ਹੈ।

ਨਸਥਾ:- ਛਿਆ 'ਘਰ' ਛਿਆ ਗੁਰ ਛਿਆ ਉਪਦੇਸ਼ (192)

4. ਘਰ ਤੋਂ ਮੁਰਾਦ ਇਸਤ੍ਰੀ ਵੀ ਹੈ,

ਯਥਾ :- ਘਰ ਕਾ ਮਾਸ ਚੰਗੇਰਾ (1260)

5. ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਉਪਰ ਕਈ ਜਗ੍ਹਾਂ ਤੇ ਸੂਚਨਾ ਮਾਤ੍ਰ 'ਘਰ' ਲਿਖਿਆ ਹੈ, ਜਿਸ ਤੋਂ ਮੁਗਦ ਹੈ।

ਗਾਏ ਜਾਣ ਵਾਲੇ ਰਾਗਾਂ ਦੀ ਪ੍ਰਧਾਨ ਸੁਰ ਦੀ ਸੰਖਿਆ ਦੱਸਣ ਤੋਂ ਹੈ। ਵਜਾਏ ਜਾਣ ਵਾਲੇ ਸਾਜਾਂ ਵਿੱਚ ਅਸਲ ਵਿੱਚ ਤਿੰਨ ਗ੍ਰਾਮ ਹੁੰਦੇ ਹਨ। ਗਰਾਮ (ਪਿੰਡ) ਘਰਾਂ ਤੋਂ ਬਣਦਾ ਹੈ। ਸੋ ਤਿੰਨ ਗ੍ਰਾਮਾਂ ਦੀਆਂ ਸੁਰਾਂ ਦੇ ਟਿਕਾਣੇ ਘਰ ਹਨ।

6. ਕਈ ਸਿਆਣੇ ਘਰ ਦਾ ਅਰਥ ਤਾਲ ਵੀ ਦੱਸਦੇ ਹਨ ਤੇ ਕਈ ਤਾਲ ਵਿੱਚ ਟਿਕਾਣਾ ਦੱਸਦੇ ਹਨ।

7. 'ਘਰ' ਨਾਲ ਉੱਚਾ ਵਿਸ਼ੇਸ਼ਣ ਲਗਾ ਕੇ 'ਬਦਲ' ਅਰਥ ਵੀ ਕਰਦੇ ਹਨ। ਵੇਖੋ ਘਰ ਉੱਚਾ।

8. ਆਪਣਾ ਮਿਲਣਾ ਦੇਖੋ ਘਰ ਕਾ, ਤੇ ਘਰ ਕੇ।

ਘਰ ਤੋਂ ਮੁਰਾਦ ਹਿਰਦਾ ਵੀ ਹੈ।

ਯਥਾ :- 'ਘਰ' ਮਹਿ 'ਘਰ' ਦਿਖਾਇ ਦੇਇ (1261)

ਤਥਾ:- 'ਘਰ' ਮਹਿ ਠਾਕੁਰੁ ਨਦਰ ਨ ਆਵੈ (734)

9. ਘਰ ਤੋਂ ਮੁਰਾਦ ਸਰੀਰ ਦੇ ਅੰਦਰ ਸੁਰਤ ਦੇ ਟਿਕਾਣਿਆਂ ਤੋਂ ਵੀ ਲੈਂਦੇ ਹਨ, ਇਹਨਾਂ ਨੂੰ ਕੋਈ ਨਾੜੀਆਂ, ਕੋਈ ਕੋਠੜੀਆਂ ਦੱਸਦਾ ਹੈ। ਮੁਰਾਦ ਸ਼ਾਇਦ ਕੰਗਰੋੜ ਦੇ ਬਹੱਤਰ ਮਣਕਿਆਂ ਤੋਂ ਹੈ। ਜਿਸ ਦੇ ਵਿੱਚ ਨਸਾਂ (ਨਰਵਸ) ਇਸ ਗ੍ਰਿਹਿ ਦੀਆਂ ਨਾੜੀਆਂ ਦੇ ਸਮਾਨ ਹਨ ਤੇ ਉਹਨਾਂ ਦੇ ਕੇਂਦਰ ਹਨ। ਯੋਗ ਦੇ ਨਿਸ਼ਾਨ ਨਾਲ ਇੜ੍ਹਾ, ਪਿੰਗਲਾ ਤੇ ਸੁਖਮਨਾ ਤ੍ਰੈਏ ਕੰਗਰੋੜ ਵਿੱਚ ਹਨ।

ਯਥਾ – ਬਹਤਰਿ ਘਰ ਇਕ ਪੁਰਖ ਸਮਾਇਆ (793) ਬਹੱਤਰ ਘਰਾਂ ਵਾਲੇ ਸਰੀਰ ਵਿੱਚ (ਵਾਹਿਗੁਰੂ ਸਮਾਂ ਰਿਹਾ ਹੈ। ਜਿਸ ਨੇ ਆਪਣਾ ਨਾਂ ਸਾਨੂੰ ਲਖਾਂ (ਰੂਹਾਂ) ਦਿੱਤਾ ਹੈ। ਮੁਰਾਦ ਹੈ ਕਿ ਵਿਆਪਕ ਵਾਹਿਗੁਰੂ ਜੋ ਸਾਡੇ ਪਿੰਡ (ਘਰ) ਵਿੱਚ ਵੀ ਸਮਾ ਰਿਹਾ ਹੈ। ਉਸ ਦਾ ਨਾਮ ਪਿਆ ਹੈ ਤੇ ਅਸੀਂ ਲੇਖੇ ਤੋਂ ਅਲੇਖੇ ਹੋ ਗਏ ਹਾਂ।

10. ਸਰੀਰ ਦੀਆਂ 9 ਗੋਲਕਾਂ

ਯਥਾ :- *ਕਹਤੁ ਕਬੀਰ ਨਵੈ ਘਰ ਮੂਸੇ*

*ਦਸਵੈਂ ਤਤ ਸਮਾਈ (ਪੰਨਾ 339)*

(ਸ੍ਰੀ ਗੁਰੂ ਗ੍ਰੰਥ ਕੋਸ਼ ਪੰਨਾ 234)

ਇਸ ਵਿਸ਼ੇਸ਼ ਲੇਖ ਵਿੱਚ ਗੁਰਮਤਿ ਦੇ ਪ੍ਰਸਿੱਧ ਗ੍ਰੰਥਾਂ ਦੇ ਆਧਾਰ ਤੇ ਇਹ ਦੱਸਣ ਦਾ ਯਤਨ ਕੀਤਾ ਗਿਆ ਹੈ ਕਿ ਰਾਗੀਆਂ ਨੂੰ ਸ਼ਬਦ ਦੇ ਸਿਰਲੇਖ ਤੇ ਲਿਖੇ ਦੇ ਅਨੁਕੂਲ ਹੀ ਸ਼ਬਦ ਗਾਇਨ ਕਰਨਾ ਉਚਿਤ ਹੈ। ਮਨਘੜਤ ਟਿਊਨਾਂ ਤੇ ਟੀ.ਵੀ. ਵਿੱਚ ਗਾਏ ਗੀਤਾਂ ਦੀਆਂ ਤੁਕਾਂ ਤੇ ਕਦਾਚਿਤ ਵੀ ਗੁਰਬਾਣੀ ਦੇ ਸ਼ਬਦ ਨਹੀਂ ਗਾਇਨ ਕਰਨੇ ਚਾਹੀਦੇ। ਅਸੀਂ ਸਰੋਤਾ ਜਣਾਂ ਨੂੰ ਵੀ ਬੇਨਤੀ ਕਰਦੇ ਹਾਂ ਕਿ ਜਿਹੜਾ ਰਾਗੀ ਫਿਲਮਾਂ ਦੀਆਂ ਤਰਜਾਂ ਤੇ ਸ਼ਬਦ ਗਾਇਨ ਕਰਦਾ ਹੈ, ਉਸ ਨੂੰ ਤੁਰੰਤ ਰੋਕ ਕੇ ਅਜਿਹਾ ਕਰਨ ਤੋਂ ਬੰਦ ਕੀਤਾ ਜਾਵੇ ਤਾਂ ਹੀ ਸਹੀ ਰੂਪ ਵਿਚ ਗੁਰਬਾਣੀ ਦੇ ਸ਼ਬਦ ਗੁਰਮਤਿ ਵਿੱਚ ਰਾਗੀ ਗਾਇਆ ਕਰਨਗੇ। ਰਾਗੀ ਲਈ ਰਾਗ, ਮਹੱਲੇ ਤੇ ਘਰ ਦਾ ਪੂਰਨ ਗਿਆਨ ਹੋਣਾ ਵੀ ਉਚਿਤ ਹੈ। ■

*With best compliments*

HSK BEARINGS

**DEVINDER JEET SINGH**
Chairman & Managing Director

**HSK ALLOY STEELS LTD.**

**Head Office** : S.C.O. 365-66, Sector 35-B, Chandigarh Fax & Tel : 0172-60703
**Works** : Vill. Gholumajra, Derabassi Circle, Distt. Patiala (Pb.)
(Chandigarh-Ambala Highway) Tel : 01769-70354, 70426
**Residence** : # 1140, Sector 33-C, Chandigarh Fax & Tel : 0172-603073

# ਗੁਰਬਾਣੀ ਵਿਚ ਸਰੇਸ਼ਠ ਧਰਮ ਦਾ ਸੰਕਲਪ

ਡਾ. ਮੇਵਾ ਸਿੰਘ ਸਿੱਧੂ*

ਵਿਦਵਾਨਾਂ ਵਲੋਂ ਧਰਮ ਸ਼ਬਦ ਸੰਬੰਧੀ ਚਰਚਾ ਕਰਦਿਆਂ ਕਈ ਪਰਕਾਰ ਦੇ ਵਿਚਾਰ ਪੇਸ਼ ਕੀਤੇ ਗਏ ਹਨ। ਕੁਝ ਵਿਦਵਾਨ ਧਰਮ ਦੇ ਅਰਥ ਅਕੀਦਾ, ਧਰਮਗਤਾ ਅਤੇ ਅੰਤਮ ਸੱਚ ਬਾਰੇ ਮਨੁੱਖ ਦੀ ਰੁਚੀ ਪਰਮਾਤਮਾ ਦੀ ਹੋਂਦ ਸੰਬੰਧੀ ਆਪਣਾ ਨਿਜੀ ਤਜਰਬਾ, ਅਧਿਆਤਮਕ ਅਸਲੀਅਤ ਵਿਚ ਵਿਸ਼ਵਾਸ ਆਦਿ ਕਰਦੇ ਹਨ ਪਰ ਕੁਝ ਧਰਮ ਸ਼ਬਦ ਨੂੰ ਅੰਗਰੇਜ਼ੀ ਦੇ ਸ਼ਬਦ ਰੀਲੀਜ਼ਨ ਦਾ ਪਰਿਆਇਵਾਚੀ ਜਾਣਦਿਆਂ ਇਸਦੇ ਅਰਥ ਆਸਰਾ ਦੇਣਾ, ਸਹਾਰਾ ਦੇਣਾ ਕਰਦਿਆਂ ਇਹ ਵੀ ਸਵੀਕਾਰਦੇ ਹਨ ਕਿ ਧਰਮ ਕਿਸੇ ਚੀਜ਼ ਜਾਂ ਅਸੂਲ ਨੂੰ ਬਣਾਈ ਰੱਖਣ, ਥੰਮਣ ਜਾਂ ਰੋਕਣ ਦਾ ਨਾਂ ਹੈ। ਮਹਾਂਭਾਰਤ ਅਨੁਸਾਰ ਸੰਸਾਰ ਦੀ ਹੋਂਦ ਧਰਮ ਦੇ ਆਸਰੇ ਹੀ ਕਾਇਮ ਹੈ ਜਦੋਂ ਕਿ ਵੇਦਾਂ ਅਨੁਸਾਰ ਧਰਮ ਦੇ ਅਰਥ ਸੰਸਾਰਕ ਵਿਧੀ ਵਿਧਾਨ ਤੇ ਰਹੁਰੀਤਾਂ ਦਰਸਾਏ ਗਏ ਹਨ। ਇਸ ਦੇ ਨਾਲ ਹੀ ਕੁਝ ਗ੍ਰੰਥਾਂ ਵਿਚ ਧਰਮ ਦੇ ਅਰਥਾਂ ਦਾ ਵਿਸਥਾਰ ਵੀ ਹੁੰਦਾ ਗਿਆ ਹੈ। ਪਿਛਲੇਰੇ ਸੰਸਕ੍ਰਿਤ ਸਾਹਿਤ ਅਨੁਸਾਰ ਕਾਨੂੰਨ, ਕਰਤਵ, ਸਚਾਈ, ਹੱਕ, ਚੰਗੇ ਗੁਣ, ਕਿਸੇ ਵਲ ਮਨੁੱਖ ਦੇ (ਸਾਡੇ) ਫਰਜ਼, ਵਿਸ਼ੇਸ਼ ਅਧਿਕਾਰ, ਹੱਕ ਅਤੇ ਫਰਜ਼ ਆਦਿ। ਕੁਝ ਵੀ ਹੈ ਸੰਸਾਰ ਦੇ ਸਾਰੇ ਧਰਮ ਹੀ ਅਜੇਹੇ ਨਿਯਮ ਦਰਸਾਉਂਦੇ ਹਨ, ਜਿਨ੍ਹਾਂ ਦੀ ਪਾਲਣਾ ਕਰਨਾ, ਸਮਾਜਕ ਜੀਵਨ ਵਿਚ ਵਿਚਰਦਿਆਂ, ਮਨੁੱਖ ਲਈ ਜ਼ਰੂਰੀ ਹੈ ਕਿਉਂਕਿ ਧਰਮ ਵਲੋਂ ਦਰਸਾਏ ਗਏ ਸਦਾਚਾਰਕ ਨਿਯਮ ਮਾਨਵ ਜੀਵਨ ਦੀ ਬਿਹਤਰੀ ਲਈ ਜਾਂ ਤਾਂ ਪ੍ਰਭੂ ਵਲੋਂ ਦਰਸਾਏ ਗਏ ਹਨ ਜਾਂ ਫੇਰ ਰਿਸ਼ੀਆਂ ਮੁਨੀਆਂ ਅਤੇ ਗਿਆਨੀਆਂ ਵਲੋਂ ਦਰਸਾਏ ਗਏ ਹਨ।

ਮਨੁੱਖ ਸੁਭਾਵਕ ਤੌਰ ਤੇ ਇਕ ਸਮਾਜਕ ਜੀਵ ਹੈ ਅਤੇ ਆਦਿ ਕਾਲ ਤੋਂ ਹੀ ਧਾਰਮਕ ਰੁਚੀਆਂ ਦਾ ਮਾਲਕ ਰਿਹਾ ਹੈ। ਮਾਨਵ ਵਿਕਾਸ ਦਾ ਇਤਿਹਾਸ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਮਨੁੱਖੀ ਇਤਿਹਾਸ ਅਤੇ ਧਾਰਮਕ ਇਤਿਹਾਸ ਦਾ ਇੱਕ ਗੂੜ੍ਹਾ ਰਿਸ਼ਤਾ ਨਿਰੰਤਰ ਚਲਦਾ ਆ ਰਿਹਾ ਹੈ। ਜੇਕਰ ਧਰਮ ਦਾ ਅਰਥ ਅਕੀਦਾ ਜਾਂ ਨਿਸ਼ਚਾ ਹੈ ਤਾਂ ਇਹ ਵੀ ਮੰਨਣਾ ਪਵੇਗਾ ਕਿ ਮਨੁੱਖਾ ਜੀਵਨ ਦੀ ਮੁੱਖ ਲੋੜ ਵੀ ਆਸ ਤੇ ਅਕੀਦਾ ਹੀ ਹੈ। ਗਹੁ ਨਾਲ ਵਿਚਾਰਿਆਂ ਗੱਲ ਸਪੱਸ਼ਟ ਹੈ ਕਿ ਧਰਮਗਤਾ ਦਾ ਮੁੱਖ ਆਧਾਰ ਵੀ ਨਿਸ਼ਚਾ ਹੀ ਹੈ ਅਤੇ ਨਿਸ਼ਚਾ ਉਹ ਮਨੁੱਖੀ ਗੁਣ ਹੈ ਜਿਹੜਾ ਮਾਨਵ ਜੀਵਨ ਨੂੰ ਸਹੀ ਸੇਧ ਪਰਦਾਨ ਕਰਨ ਵਾਲੇ ਮਨੁੱਖੀ ਆਚਾਰ ਤੇ ਵਿਚਾਰ ਦਾ ਧੁਰਾ ਬਣਦਾ ਹੈ। ਜਿਸਦੇ ਸਹਾਰੇ ਮਨੁੱਖ ਹਰ ਪਰਕਾਰ ਦੀਆਂ ਔਕੜਾਂ ਉਪਰ ਕਾਬੂ ਪਾਉਣ ਵਿਚ ਸਫਲ ਹੁੰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਅਕਾਲ ਪੁਰਖ ਤੋਂ ਅਜੇਹੇ ਸ਼ਕਤੀਸ਼ਾਲੀ ਨਿਸ਼ਚੇ ਦੀ ਮੰਗ ਹੀ ਕਰਦੇ ਹਨ :

*ਦੇਹ ਸ਼ਿਵਾ! ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂ ਨਾ ਟਰੋਂ॥*

*ਨਾ ਡਰੋਂ ਅਰਿ ਸੋਜਬ ਜਾਇ ਲਰੋਂ ਨਿਸਚੇ ਕਰ ਆਪਨੀ ਜੀਤ ਕਰੋ॥*

ਖਿਆਲ ਰਹੇ ਕਿ ਗੁਰੂ ਗੋਬਿੰਦ ਸਿੰਘ ਦਾ ਨਿਸਚੇ ਨਾਲ ਜਿੱਤ ਪਰਾਪਤ ਕਰਨ ਦਾ ਨਿਸ਼ਾਨਾ ਕੋਈ ਦੁਨਿਆਵੀ ਪਦਾਰਥਾਂ ਦੀ ਪਰਾਪਤੀ ਜਾਂ ਰਾਜ ਭਾਗ ਦੀ ਸਥਾਪਨਾ ਹਿਤ ਨਹੀਂ ਸਗੋਂ ਧਰਮ ਚਲਾਉਣ ਤੇ ਸੰਤਾਂ ਭਗਤਾਂ ਦੀ ਰਾਖੀ ਕਰਦਿਆਂ ਦੁਸ਼ਟਾਂ ਤੇ ਪਾਪੀਆਂ ਦਾ ਨਾਸ ਕਰਨਾ ਹੈ :

*ਹਮ ਇਹ ਕਾਜ ਜਗਤ ਮੋ ਆਏ । ਧਰਮ ਹੇਤ ਗੁਰਦੇਵ ਪਠਾਏ।*

*ਜਹਾਂ ਤਹਾਂ ਤੁਮ ਧਰਮ ਬਿਥਾਰੋ। ਦੁਸ਼ਟ ਦੋਖੀਅਨ ਪਕਰਿ ਪਛਾਰੋ।*

*ਯਾਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੂ ਸਭ ਮਨਮੰ।*

*ਧਰਮ ਚਲਾਵਨ ਸੰਤ ਉਬਾਰਨ। ਦੁਸ਼ਟ ਸਭਨ ਕੋ ਮੂਲ ਉਪਾਰਨ।*

ਧਰਮ ਗ੍ਰੰਥਾਂ ਦੇ ਅਧਿਐਨ ਤੋਂ ਇਹ ਸਪਸ਼ਟ ਹੈ ਕਿ ਧਰਮ ਦੇ ਅਰਥ ਬਹੁਤ ਵਿਸ਼ਾਲ ਹਨ ਜਿਨ੍ਹਾਂ ਦੇ ਅੰਤਰਗਤ ਕਿਸੇ ਮਨੁੱਖ ਦੇ ਸੰਪਰਦਾਈ ਜਾਂ ਦੁਨਿਆਵੀ ਕਰਤਵਾਂ ਤੋਂ ਬਿਨਾਂ ਉਸ ਦੀਆਂ ਇਖਲਾਕੀ ਸਿਫਤਾਂ ਵੀ ਉਸ ਦਾ ਧਰਮ ਹੁੰਦੀਆਂ ਹਨ ਜਿਨ੍ਹਾਂ ਦੇ ਅੰਤਰਗਤ ਸਭ ਪਰਕਾਰ ਦੀਆਂ ਨੈਤਿਕ ਕਦਰਾਂ ਕੀਮਤਾਂ ਆ ਜਾਂਦੀਆਂ ਹਨ ਪਰ ਇਹ ਸਭ ਕੁਝ ਵੀ ਵੱਖ ਵੱਖ ਲੋਕਾਂ ਦੇ ਕਰਤਵਾਂ, ਪੇਸ਼ਿਆਂ ਅਤੇ ਭੂਗੋਲਕ ਵਾਤਾਵਰਣ ਅਨੁਸਾਰ ਇਕ ਦੂਸਰੇ ਤੋਂ ਭਿੰਨ ਹੁੰਦਾ ਹੈ। ਜਿਸ ਕਰਕੇ ਉਨ੍ਹਾਂ ਦੇ ਧਰਮ ਦੇ ਦਰਜੇ ਤੇ ਪਰਕਾਰ ਵੀ ਵੱਖੋ ਵੱਖ ਹੁੰਦੇ ਹਨ।

*ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ,*
*ਮਾਨਸ ਸਭੈ ਏਕ ਪੈ ਅਨੇਕ ਕੋ ਭ੍ਰਮਾਉ ਹੈ।*

*ਦੇਵਤਾ ਅਦੇਵ ਜੱਛ, ਗੰਧ੍ਰਬ ਤੁਰਕ ਹਿੰਦੂ,*
*ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ।*

ਗੁਰੂ ਗੋਬਿੰਦ ਸਿੰਘ ਜੀ ਦੇ ਇਸ ਵਿਚਾਰ ਤੋਂ ਸਪੱਸ਼ਟ ਹੈ ਕਿ ਧਰਮ ਦੇ ਨਾਂ ਤੇ ਬਾਹਰੀ ਤੌਰ ਤੇ ਫਿਰਕੇ ਬੰਦੀ ਤਾਂ ਪ੍ਰਤੱਖ ਦੇਖੀ ਜਾ ਸਕਦੀ ਹੈ ਪਰ ਸਭ ਵਲੋਂ ਪੂਜਾ ਕੇਵਲ

* ਮਕਾਨ ਨੰ: 1407, ਗਲੀ ਨੰ: 7, ਗੁਰਬਖਸ਼ ਕਲੋਨੀ, ਪਟਿਆਲਾ ਫੋਨ: 219896

ਇਕ ਅਕਾਲ ਪੁਰਖ ਦੀ ਹੋ ਰਹੀ ਹੈ। ਗੁਰਬਾਣੀ ਅਨੁਸਾਰ ਅਕਾਲ ਪੁਰਖ ਕੇਵਲ ਇਕ ਹੀ ਹੈ ਜਿਹੜਾ ਸਰਬ ਵਿਆਪਕ, ਸਰਬ ਸਮੱਰਥ ਤੇ ਕਰਤਾ ਪੁਰਖ ਹੈ। ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿੱਚ ਹੀ ਗੁਰੂ ਸਾਹਿਬ ਵਲੋਂ ਮੂਲ ਮੰਤਰ ਰਾਹੀਂ ਉਸ ਅਕਾਲ ਪੁਰਖ ਦੇ ਸਰੂਪ ਦਾ ਵਰਣਨ ਕੀਤਾ ਗਿਆ ਹੈ ਜਿਸ ਨੂੰ ਧਾਰਮਕ ਕਰਮਕਾਂਡ ਰਾਹੀਂ ਨਹੀਂ ਸਗੋਂ ਅਨੁਭਵ ਰਾਹੀਂ ਅੰਤਰ ਆਤਮੇ ਵਸਾਉਣ ਦੀ ਲੋੜ ਹੈ। ਇਸ ਲੋੜ ਦੀ ਪੂਰਤੀ ਹਿਤ ਮਨ ਨੂੰ ਨਿਅੰਤਰਨ ਵਿਚ ਰੱਖਣ ਲਈ ਗਿਆਨ ਦੀ ਲੋੜ ਹੈ ਅਤੇ ਉਹ ਗਿਆਨ ਗੁਰੂ ਕਿਰਪਾ ਦ੍ਰਿਸ਼ਟੀ ਸਦਕਾ ਹੀ ਸੰਭਵ ਹੋ ਸਕਦਾ ਹੈ :

*ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ ॥*
*ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ ॥* (ਮ: ੧ ਪੰਨਾ 469)

ਜਦੋਂ ਜੀਵ ਅੰਦਰ ਗਿਆਨੁ ਦੀ ਜੋਤ ਜਗ ਪੈਂਦੀ ਹੈ ਤਾਂ ਉਸ ਨੂੰ ਚੰਗੇ ਬੁਰੇ, ਨੇਕ ਬਦ ਅਤੇ ਧਰਮ ਅਧਰਮ ਦੀ ਸੋਝੀ ਹੋ ਜਾਂਦੀ ਹੈ ਅਤੇ ਜੀਵ ਸੁਤੇ ਸਿਧ ਹੀ ਗਿਆਨ ਦੇ ਸਹਾਰੇ ਧਰਮ ਵੱਲ ਪਰਵਿਰਤ ਹੋ ਜਾਂਦਾ ਹੈ ਕਬੀਰ ਜੀ ਬੜੇ ਸਪਸ਼ਟ ਸ਼ਬਦਾਂ ਵਿਚ ਆਖਦੇ ਹਨ ਕਿ ਗਿਆਨ ਵਾਲੇ ਥਾਂ ਹੀ ਧਰਮ ਹੁੰਦਾ ਹੈ। ਜਿਥੇ ਝੂਠ ਹੋਵੇਗਾ ਉਥੇ ਪਾਪ ਦਾ ਵਾਸਾ ਹੋਵੇਗਾ। ਲਾਲਚ ਵਾਲੀ ਥਾਂ ਕਾਲ ਅਥਵਾ ਕਲਜੁਗ ਦਾ ਵਰਤਾਰਾ ਹੋਵੇਗਾ ਜਿਥੇ ਖਿਮਾ, ਦਇਆ ਆਦਿ ਹੋਵੇਗੀ ਉਥੇ ਉਹ ਪ੍ਰਭੂ ਆਪ ਵੱਸਦਾ ਹੈ :

*ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ ॥*
*ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ॥*
(ਪੰਨਾ 1372)

ਇਸ ਤਰ੍ਹਾਂ ਇਹ ਆਖਿਆ ਜਾ ਸਕਦਾ ਹੈ ਕਿ ਅਕਾਲ ਪੁਰਖ ਤਾਂ ਕੇਵਲ ਇਕੋ ਹੀ ਹੈ ਪਰ ਦੇਸ਼ ਅਤੇ ਕਾਲ ਦੇ ਪ੍ਰਭਾਵ ਸਦਕਾ ਉਸਦੀ ਪੂਜਾ ਦੇ ਢੰਗ ਤਰੀਕੇ ਵੱਖ ਵੱਖ ਹਨ। ਜੇਕਰ ਇਸ ਤੱਥ ਵਿਚਲੇ ਅੰਤਰੀਵੀ ਭਾਵ ਨੂੰ ਸਮਝਣ ਦਾ ਯਤਨ ਕੀਤਾ ਜਾਏ ਤਾਂ ਇਹ ਆਖਿਆ ਜਾ ਸਕਦਾ ਹੈ ਕਿ ਇਹ ਬਾਹਰੀ ਭੇਖ, ਪਹਿਰਾਵੇ ਤੇ ਪੂਜਾ ਵਿਧੀਆਂ ਹੀ ਵੱਖ ਵੱਖ ਧਰਮਾਂ ਦਾ ਰੂਪ ਧਾਰ ਗਈਆਂ ਹਨ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਪੂਜਾ ਦੇ ਇਹ ਵਿਧੀ ਵਿਧਾਨ ਇਕੋ ਜਿੰਨੇ ਮਹੱਤਵ ਵਾਲੇ ਹਨ ਜਾਂ ਇਨ੍ਹਾਂ ਵਿੱਚ ਕੋਈ ਉੱਚਾ ਨੀਵਾਂ ਸੱਤਰ ਵੀ ਨਿਸ਼ਚਿਤ ਕੀਤਾ ਜਾ ਸਕਦਾ ਹੈ ਕਿਉਂਕਿ ਸੰਸਾਰ ਦੇ ਸਾਰੇ ਧਰਮਾਂ ਵਾਲੇ ਹੀ ਆਪੋ ਆਪਣੇ ਧਰਮ ਦੀ ਸ੍ਰੇਸ਼ਠਤਾ ਨਿਸ਼ਚਿਤ ਕਰਨ ਦਾ ਯਤਨ ਨਹੀਂ ਕਰਦੇ ਸਗੋਂ ਆਪਣੇ ਹੀ ਧਰਮ ਦੀ ਉੱਚਤਾ, ਸ਼੍ਰੇਸ਼ਠਤਾ ਤੇ ਮਹਾਨਤਾ ਦਾ ਦਾਅਵਾ ਕਰਦੇ ਹਨ। ਬੇਸ਼ੱਕ ਸਾਰੇ ਧਰਮ ਹੀ ਮਨੁੱਖ ਨੂੰ ਚੰਗੇਰਾ ਬਣਾਉਣਾ ਚਾਹੁੰਦੇ ਹਨ ਅਤੇ ਸਾਰੇ ਧਰਮ ਹੀ ਸ਼ਾਂਤੀ, ਪਿਆਰ, ਦਇਆ, ਸਦਭਾਵਨਾ, ਮਿਤਰਤਾ, ਇਕਸੁਰਤਾ, ਪਵਿੱਤਰਤਾ ਤੇ ਇਨਸਾਫ ਦਾ ਉਪਦੇਸ਼ ਦਿੰਦੇ ਹਨ। ਇਨ੍ਹਾਂ ਗੁਣਾਂ ਨੂੰ ਜਾਂ ਪਰਾਪਤ ਨਿਸ਼ਾਨੇ ਨੂੰ ਪ੍ਰਭੂ ਦਾ ਨਾਮ ਦਿੱਤਾ ਗਿਆ ਹੈ। ਜਿਸ ਨੂੰ ਪਰਾਪਤ ਕਰਨ, ਉਸ ਤਕ ਅਪੜਨ ਜਾਂ ਉਸ ਪ੍ਰਥਾਇ ਪੂਰੀ ਪੂਰੀ ਜਾਣਕਾਰੀ ਪਰਾਪਤ ਕਰਨ ਦੇ ਕਈ ਢੰਗ ਤਰੀਕੇ ਜਾਂ ਰਸਤੇ ਹਨ ਜਿਹੜੇ ਵੱਖ ਵੱਖ ਦੇਸ਼ਾਂ ਦੇ ਮਨੁੱਖਾਂ ਵਲੋਂ ਅਪਣਾਏ ਗਏ ਹਨ। ਇਸੇ ਲਈ ਧਰਮ ਦਾ ਅਧਿਐਨ ਕਰਨਾ ਹੀ ਮਨੁੱਖ ਦਾ ਸਮੁੱਚਾ ਅਧਿਐਨ ਹੈ। ਵੱਖ ਵੱਖ ਦੇਸ਼ਾਂ ਦੇ ਮਨੁੱਖਾਂ ਦੇ ਧਰਮਾਂ ਦੇ ਅਧਿਐਨ ਨਾਲ ਸੰਸਾਰ ਦੇ ਮਨੁੱਖਾਂ ਸੰਬੰਧੀ ਜਾਣਕਾਰੀ ਪਰਾਪਤ ਹੋ ਜਾਂਦੀ ਹੈ ਕਿਉਂਕਿ ਭੂਗੋਲਿਕ ਸਥਿਤੀਆਂ ਅਨੁਸਾਰ ਮਨੁੱਖਾਂ ਵਿੱਚ ਦਿਮਾਗੀ ਅਤੇ ਸਰੀਰਕ ਤੌਰ ਤੇ ਅੰਤਰ ਹੁੰਦਾ ਹੈ ਅਤੇ ਇਸ ਅੰਤਰ ਅਨੁਸਾਰ ਉਨ੍ਹਾਂ ਦੀਆਂ ਆਦਤਾਂ ਬਣਦੀਆਂ ਹਨ ਤੇ ਉਨ੍ਹਾਂ ਅਨੁਸਾਰ ਸਾਧਨਾ ਦੀ ਲੋੜ ਹੁੰਦੀ ਹੈ। ਇਸ ਤਰ੍ਹਾਂ ਦਾ ਸਮੁੱਚਾ ਵਾਤਾਵਰਣ ਹੀ ਵੱਖ ਵੱਖ ਧਰਮਾਂ ਦਾ ਸਰੂਪ ਨਿਸ਼ਚਤ ਕਰਨ ਦਾ ਕਾਰਨ ਬਣਦਾ ਹੈ ਅਤੇ ਧਰਮ ਦੀ ਸ਼੍ਰੇਸ਼ਠਤਾ ਦਾ ਸਵਾਲ ਲੋਕ ਮਨ ਦੀ ਕਲਪਨਾ ਬਣ ਜਾਂਦਾ ਹੈ। ਗੁਰਬਾਣੀ ਅਨੁਸਾਰ ਅਧਰਮੀ ਲਈ ਅਨੇਕ ਪਰਕਾਰ ਦੇ ਡਰ ਬਣੇ ਰਹਿੰਦੇ ਹਨ। ਜਦਕਿ ਧਰਮ ਦੇ ਧਾਰਨੀ ਜੀਵ ਜੀਵਨ ਦੇ ਮਾਰਗ ਉਪਰ ਚਲਦਿਆਂ ਤਰੱਕੀ ਕਰਦਾ ਤੇ ਵਧਦਾ ਫੁਲਦਾ ਹੀ ਨਹੀਂ ਸਗੋਂ ਉਸ ਪ੍ਰਭੂ ਨੂੰ ਸਰਬ ਵਿਆਪਕ ਤੇ ਘਟ ਘਟ ਦੀ ਜਾਣਨਹਾਰ ਸਮਝਦਿਆਂ ਉਸਦੇ ਭਾਣੇ ਵਿਚ ਵਿਚਰਦਿਆਂ ਨਿਰਭਉ ਹੋ ਕੇ ਜੀਵਨ ਬਿਤਾਉਂਦਾ ਹੈ।

*ਹਰਿ ਅੰਦਰਿ ਬਾਹਿਰ ਇਕੁ ਤੂੰ ਤੂੰ ਜਾਣਹਿ ਭੇਤੁ॥*
*ਜੋ ਕੀਚੈ ਸੋ ਹਰਿ ਜਾਣਦਾ ਮੇਰੇ ਮਨ ਹਰਿ ਚੇਤੁ॥*
*ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ॥*
*ਤੂੰ ਸਚਾ ਆਪਿ ਨਿਆਉ ਸਚੁ ਤਾ ਡਰੀਐ ਕੇਤੁ॥*
(ਮ: 8, ਪੰਨਾ 84)

ਹੁਣ ਵਿਚਾਰਨ ਵਾਲੀ ਗੱਲ ਇਹ ਹੈ ਕਿ ਗੁਰਬਾਣੀ ਅਨੁਸਾਰ ਦਰਸਾਏ ਧਰਮ ਦੇ ਉਹ ਕਿਹੜੇ ਸਰੂਪ ਜਾਂ ਲੱਛਣ ਹਨ ਜਿਨ੍ਹਾਂ ਸਦਕਾ ਉਸਦੀ ਹੋਰਨਾਂ ਧਰਮਾਂ ਤੋਂ ਵਿਲੱਖਣਤਾ ਅਤੇ ਸਰੇਸ਼ਠਤਾ ਨੂੰ ਸਵੀਕਾਰਿਆ ਜਾਵੇ। ਧਰਮ ਅਤੇ ਮਾਨਵਤਾ ਦੇ ਇਤਿਹਾਸ ਵਿੱਚ ਇਕ ਖਾਸ ਕਿਸਮ ਦੀ ਸਾਂਝ ਆਦਿ ਕਾਲ ਤੋਂ ਚਲੀ ਆਉਂਦੀ ਹੈ ਕਿਉਂਕਿ ਧਰਮਗਤਾ ਮਨੁੱਖੀ ਸਭਿਆਚਾਰ ਦੇ ਆਦਿ ਤੋਂ ਹੀ ਮਨੁੱਖ ਦਾ ਵਿਸ਼ੇਸ਼ ਗੁਣ ਰਿਹਾ ਹੈ। ਧਰਮਗਤਾ ਦਾ ਮੂਲ ਆਧਾਰ ਨਿਸ਼ਚਾ ਹੈ ਅਤੇ ਨਿਸਚਾ ਹੀ ਮਾਨਵ ਨੂੰ ਸਹੀ ਦਿਸ਼ਾ ਪਰਦਾਨ ਕਰਨ ਵਾਲਾ ਗੁਣ ਹੈ। ਮਨੁੱਖ ਦਾ ਇਹ ਨਿਸ਼ਚਾ ਹੀ ਉਸ ਦੇ ਆਚਾਰ ਤੇ ਵਿਚਾਰ ਦਾ ਕੇਂਦਰੀ ਬਿੰਦੂ ਹੈ ਅਤੇ ਇਹ ਹੀ ਮਾਨਵ ਜੀਵਨ

ਦੇ ਸਰਬਪੱਖੀ ਵਿਕਾਸ ਸਾਧਨਾ ਸਮਾਜਕ, ਆਰਥਕ, ਰਾਜਨੀਤਕ, ਕਲਾਤਮਕ ਆਦਿ ਨੂੰ ਪ੍ਰਭਾਵਤ ਕਰਦਾ ਹੈ।

ਸੰਸਾਰ ਦੇ ਸਾਰੇ ਧਰਮ ਹੀ ਪ੍ਰਭੂ ਦੀ ਅਰਾਧਨਾ ਦਾ ਉਪਦੇਸ਼ ਦਿੰਦੇ ਹਨ। ਗੁਰਬਾਣੀ ਵਿੱਚ ਇਸੇ ਨੂੰ ਹੀ ਨਾਮ ਸਿਮਰਨ ਆਖਿਆ ਹੈ। ਇਸ ਤਰ੍ਹਾਂ ਨਾਮ ਸਿਮਰਨ ਨੂੰ ਹੀ ਸਰੇਸ਼ਠ ਧਰਮ ਆਖਿਆ ਜਾ ਸਕਦਾ ਹੈ। ਇਹ ਵੀ ਸਪੱਸ਼ਟ ਹੈ ਕਿ ਪ੍ਰਭੂ ਜਿਸ ਦੀ ਅਰਾਧਨਾ ਕਰਨੀ ਹੈ ਉਹ ਪ੍ਰਭੂ ਸਰਬ ਵਿਆਪੀ ਹੋ ਕੇ ਵੀ, ਅਗੀਮ, ਅਗੋਚਰ ਹੈ। ਜਿਸ ਕਰਕੇ ਵੱਖ ਵੱਖ ਧਰਮਾਂ ਵਲੋਂ ਪ੍ਰਭੂ ਸੰਬੰਧੀ ਪ੍ਰਗਟਾਏ ਗਏ ਵਿਚਾਰ ਕੁਝ ਸਾਂਝੇ ਹਨ ਅਤੇ ਕੁਝ ਕੁ ਇੱਕ ਦੂਸਰੇ ਤੋਂ ਭਿੰਨਤਾ ਵਾਲੇ ਹਨ ਪਰ ਗੁਰਬਾਣੀ ਵਲੋਂ ਜਿਹੜੇ ਅਸੂਲ ਜਾਂ ਨਿਯਮ ਪ੍ਰਭੂ ਦੇ ਗੁਣਾਂ ਉਪਰ ਅਧਾਰਿਤ ਪ੍ਰਗਟਾਏ ਗਏ ਹਨ ਉਹ ਹੋਰਨਾਂ ਧਰਮਾਂ ਦੇ ਟਾਕਰੇ ਵਧੇਰੇ ਸਰਲ, ਸਰਬਸਾਂਝੇ, ਸਰਬਪਰਵਾਨ ਹੀ ਨਹੀਂ ਸਗੋਂ ਸਰਬ ਸਰੇਸ਼ਠ ਵੀ ਹਨ ਜਿਸ ਕਰਕੇ ਇਨ੍ਹਾਂ ਗੁਣਾਂ ਦੇ ਧਾਰਨੀ ਮਨੁੱਖ ਨੂੰ ਕਾਲ ਦੀਆਂ ਹੱਦਾਂ ਤੋਂ ਉਪਰ ਉਠਦਿਆਂ ਸਮੁੱਚੀ ਮਾਨਵਤਾ ਨੂੰ ਆਪਣੇ ਕਲਾਵੇ ਵਿੱਚ ਲੈਣ ਦੀ ਪਰੇਰਨਾ ਮਿਲਦੀ ਹੈ ਅਤੇ ਉਹ ਕਿਸੇ ਵੀ ਪਰਕਾਰ ਦੀ ਖੁਦੀ, ਤਕੱਬਰੀ, ਨਿੰਦਾ, ਚੁਗਲੀ, ਕੀਨਾ ਆਦਿ ਤੋਂ ਬਚ ਕੇ ਸਭ ਜੀਵਾਂ ਨੂੰ ਇਕ ਸਮਾਨ ਸਮਝਦਿਆਂ ***"ਸਭੈ ਸਾਂਝੀਵਾਲ ਸਦਾਇਨ ਤੂੰ ਕਿਸੈ ਨ ਦਿਸੈ ਬਾਹਰਾ ਜੀਉ"*** ਦਾ ਧਾਰਨੀ ਹੋ ਨਿਬੜਦਾ ਹੈ।

ਗੁਰਬਾਣੀ ਇਹ ਵੀ ਸਪੱਸ਼ਟ ਕਰਦੀ ਹੈ ਕਿ ਸੰਸਾਰ ਦੀ ਪੈਦਾਇਸ਼ ਹੀ ਉਸ ਅਕਾਲਪੁਰਖ ਦੀ ਇੱਛਾ ਅਨੁਸਾਰ ਹੋਈ ਹੈ ਜਿਸ ਕਰਕੇ ਗੁਰਬਾਣੀ ਵਿੱਚ ਮਨੁੱਖ ਦੇ ਸਭ ਪਰਕਾਰ ਦੇ ਰਿਸ਼ਤੇ ਨਾਤੇ ਉਸੇ ਪ੍ਰਭੂ ਨਾਲ ਹੀ ਦਰਸਾਏ ਗਏ ਹਨ।

***ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰਹਾਈ॥ (ਮ: 5, ਪੰਨਾ 611)***

***ਇਸ ਤੱਥ ਦੀ ਪੁਸ਼ਟੀ ਕਰਦਿਆਂ ਕਬੀਰ ਜੀ ਫ਼ਰਮਾਉਂਦੇ ਹਨ :***

***ਅਵਲ ਅੱਲਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ॥***

***ਏਕ ਨੂਰ ਤੇ ਸਭ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥***

***ਲੋਗਾ ਭਰਮਿ ਨ ਭੂਲਹੁ ਭਾਈ॥***

***ਖਾਲਕੁ ਖਲਕ ਖਲਕ ਮਹਿ ਖਾਲਕੁ ਪੂਰਿ ਰਹਿਓ ਸ੍ਰਬ ਠਾਂਈ॥ (ਪੰਨਾ 1349)***

ਗੁਰਬਾਣੀ ਵਿਚ ਪ੍ਰਭੂ ਪਰਾਪਤੀ ਦੇ ਮਾਰਗ ਨੂੰ ਬੜੇ ਹੀ ਸਰਲ ਢੰਗ ਨਾਲ ਪ੍ਰਗਟਾਇਆ ਗਿਆ ਹੈ ਅਤੇ ਜੀਵ ਨੂੰ ਪ੍ਰਚਲਤ ਰੀਤਾਂ ਅਨੁਸਾਰ ਅਨੇਕਾਂ ਪਰਕਾਰ ਦੇ ਕਰਮ ਕਾਂਡ ਕਰਨ ਜਾਂ ਜੰਗਲਾਂ ਵਿਚ ਤਪ ਸਾਧਨਾਂ ਕਰਨ ਤੋਂ ਵਰਜਿਆ ਗਿਆ ਹੈ।

***ਕਾਹੇ ਰੇ ਬਨ ਖੋਜਣ ਜਾਈ॥***

***ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗ ਸਮਾਈ॥***

***(ਮ: ੯ ਪੰਨਾ 684)***

ਬਾਬਾ ਫਰੀਦ ਜੀ ਇਸ ਤੱਥ ਦੀ ਪੁਸ਼ਟੀ ਕਰਦਿਆਂ ਫੁਰਮਾਉਂਦੇ ਹਨ :

***ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥***

***ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥***

***(ਪੰਨਾ 1378)***

ਪ੍ਰਭੂ ਕਿਉਂਕਿ ਮਨੁੱਖੀ ਹਿਰਦੇ ਵਿੱਚ ਵਸਦਾ ਹੈ ਇਸ ਕਰਕੇ ਜੀਵ ਨੂੰ ਆਪਣੇ ਹੀ ਮਨ ਵਿਚੋਂ ਖੋਜਣ ਲਈ ਗੁਰਬਾਣੀ ਨੇ ਇਹ ਸਪੱਸ਼ਟ ਕਰ ਦਿਤਾ ਹੈ ਕਿ ਉਸ ਪ੍ਰਭੂ ਨੂੰ ਇਨ੍ਹਾਂ ਅੱਖਾਂ ਨਾਲ ਨਹੀਂ ਵੇਖਿਆ ਜਾ ਸਕਦਾ, ਇਸ ਲਈ ਉਸ ਨੂੰ ਵੇਖਣ ਵਾਲੀਆਂ ਅੱਖਾਂ ਹੋਰ ਹਨ :

***ਨਾਨਕ ਸੇ ਅਖੜੀਆ ਬਿਅੰਨ ਜਿਨੀ ਡਿਸੰਦੋ ਮਾ ਪਿਰੀ॥***

ਸੋ ਸਪਸ਼ਟ ਹੈ ਕਿ ਜਿਹੜੇ ਸ਼ੁਭ ਗੁਣ ਮਨੁੱਖ ਦੀਆਂ ਅੰਦਰਲੀਆਂ ਅੱਖਾਂ ਖੋਲਣ ਲਈ ਸਹਾਈ ਹੋਣ ਉਨ੍ਹਾਂ ਗੁਣਾਂ ਦਾ ਧਾਰਨੀ ਵਿਅਕਤੀ ਹੀ ਧਰਮਗ ਆਖਿਆ ਜਾ ਸਕਦਾ ਹੈ ਤੇ ਉਨ੍ਹਾਂ ਗੁਣਾਂ ਦਾ ਪਰਚਾਰ ਤੇ ਪਰਸਾਰ ਕਰਨ ਵਾਲਾ ਧਰਮ ਹੀ ਸਰੇਸ਼ਠ ਧਰਮ ਹੋ ਸਕਦਾ ਹੈ। ਗੁਰੂ ਸਾਹਿਬਾਨ ਵਲੋਂ ਸਿੱਖ ਲਈ ਕਿਰਤ ਕਰਨ, ਵੰਡ ਛਕਣ ਤੇ ਨਾਮ ਜਪਣ ਤੋਂ ਬਿਨ੍ਹਾਂ ਜਿਹੜੇ ਹੋਰ ਨੈਤਿਕ ਗੁਣਾਂ ਦਾ ਜ਼ਿਕਰ ਕੀਤਾ ਗਿਆ ਹੈ ਉਹਨਾਂ ਅਨੁਸਾਰ ਗੁਰਬਾਣੀ ਵਿੱਚ ਸਰੇਸ਼ਠ ਧਰਮ ਦਾ ਜਿਹੜਾ ਸੰਕਲਪ ਸੰਸਾਰ ਦੇ ਸਾਹਮਣੇ ਪੇਸ਼ ਹੋਇਆ ਹੈ ਉਸਦਾ ਪ੍ਰਗਟਾ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿੱਚ ਕੀਤਾ ਹੈ:

***ਸਰਬ ਧਰਮ ਮਹਿ ਸ੍ਰੇਸ਼ਠ ਧਰਮ॥***

***ਹਰਿ ਕੋ ਨਾਮੁ ਜਪੁ ਨਿਰਮਲ ਕਰਮ॥***

***(ਪੰਨਾ 266)***


## ਆਪਣੇ ਸਨੇਹੀ ਨੂੰ ਅੰਮ੍ਰਿਤ ਕੀਰਤਨ ਤੋਹਫੇ ਵਜੋਂ ਭੇਟ ਕਰੋ !

ਤੁਸੀਂ ਆਪਣੇ ਸਨੇਹੀ ਨੂੰ ਤੋਹਫਾ ਦੇਣਾ ਚਾਹੁੰਦੇ ਹੋ ! ਹੋਰ ਵਸਤਾਂ ਭੁਲ-ਭੁਲਾ ਜਾਂਦੀਆਂ ਹਨ ਪਰ 'ਅੰਮ੍ਰਿਤ ਕੀਰਤਨ' ਹਰ ਮਹੀਨੇ ਤੁਹਾਡੇ ਸਨੇਹੀ ਕੋਲ ਪੁੱਜ ਕੇ ਤੁਹਾਡੀ ਯਾਦ ਤਾਜ਼ਾ ਕਰਾਏਗਾ। ਅੱਜ ਹੀ ਚੰਦਾ ਭੇਜ ਕੇ ਇਹ ਸੁੰਦਰ ਤੋਹਫਾ ਭੇਟ ਕਰੋ।

# ਜ਼ਮਾਨੇ ਨੂੰ ਬਦਲ ਦੇਣ ਵਾਲੇ ਮਹਾਂਪੁਰਖ – ਭਾਈ ਸਮੁੰਦ ਸਿੰਘ ਜੀ

ਹਰਜਾਪ ਸਿੰਘ ਔਜਲਾ*

ਜ਼ਮਾਨਾ ਸਾਡੇ ਸਾਹਮਣੇ ਕਰਵਟਾਂ ਲੈਂਦਾ ਹੈ। ਨਿੱਤ ਦਿਨ ਤਬਦੀਲੀਆਂ ਆਉਂਦੀਆਂ ਹਨ। ਅਸੀਂ ਸਾਧਾਰਨ ਜੀਵ ਆਪਣੇ ਆਪ ਨੂੰ ਜ਼ਮਾਨੇ ਦੀ ਗਤੀ ਦੇ ਨਾਲ ਚਲਾਉਣਾ ਚਾਹੁੰਦੇ ਹਾਂ। ਆਪਣੇ ਤੌਰ ਤਰੀਕੇ ਅਤੇ ਚੱਜ ਆਚਾਰ ਤਬਦੀਲ ਕਰਦੇ ਰਹਿੰਦੇ ਹਾਂ, ਫੇਰ ਭੀ ਮਸਾਂ ਹੀ ਜ਼ਮਾਨੇ ਦੇ ਨਾਲ ਰਲ ਪਾਉਂਦੇ ਹਾ। ਪਰ ਕਈ ਮਹਾਂਪੁਰਸ਼ ਅਜਿਹੇ ਹੁੰਦੇ ਹਨ ਜੋ ਆਪਣੀ ਅਦਭੁਤ ਪ੍ਰਤਿਭਾ ਨਾਲ ਜ਼ਮਾਨੇ ਨੂੰ ਹੀ ਬਦਲ ਦਿੰਦੇ ਹਨ।

ਭਾਈ ਸਮੁੰਦ ਸਿੰਘ ਜੀ ਮਰਹੂਮ ਅਜਿਹੇ ਹੀ ਮਹਾਂਪੁਰਖ ਸਨ ਜੋ ਜ਼ਮਾਨੇ ਦੇ ਨਾਲ ਨਹੀਂ ਸਨ ਬਦਲਦੇ। ਉਹ ਤਾਂ ਸਾਧਾਰਨ ਲੋਕਾਂ ਤੋਂ ਐਨੇ ਬਾਲਾਤਰ ਸਨ ਕਿ ਉਹ ਜ਼ਮਾਨੇ ਦੀ ਪਰਵਾਹ ਹੀ ਨਹੀਂ ਸਨ ਕਰਿਆ ਕਰਦੇ। ਉਨ੍ਹਾਂ ਨੇ ਆਪਣੇ ਵਾਸਤੇ ਇੱਕ ਮਖ਼ਸੂਸ ਰਸਤਾ ਅਖਤਿਆਰ ਕੀਤਾ ਹੋਇਆ ਸੀ ਜਿਸ ਉੱਪਰ ਉਹ ਮਗਨ ਹੋ ਕੇ ਚਲਦੇ ਸਨ। ਨਤੀਜਾ ਇਹ ਹੋਇਆ ਕਰਦਾ ਸੀ ਕਿ ਜ਼ਮਾਨਾ ਉਨ੍ਹਾਂ ਦੇ ਪਿੱਛੇ ਲਗਦਾ ਸੀ।

ਭਾਈ ਸਮੁੰਦ ਸਿੰਘ ਕੀਰਤਨੀਏ ਸਨ, ਪਰ ਆਪਣੀ ਹੀ ਅਜਬ ਸ਼ੈਲੀ ਦੇ। ਉਹ ਮੌਜੂਦ ਲੋਕ ਸੰਗੀਤ, ਗਜ਼ਲ ਸੰਗੀਤ ਅਤੇ ਫਿਲਮ ਸੰਗੀਤ ਦੇ ਫੈਸ਼ਨ ਮਗਰ ਨਹੀਂ ਸਨ ਜਾਂਦੇ।, ਉਹ ਗੁਰੂ ਦਾ ਹੀ ਹੁਕਮ ਮੰਨਦੇ ਸਨ ਅਤੇ ਕੀਰਤਨ ਰਾਗ ਵਿੱਚ ਹੀ ਕਰਦੇ ਸਨ। ਪਰ ਉਹ ਤਮਾਮ ਕੀਰਤਨ ਨਿਰਧਾਰਤ ਰਾਗਾਂ ਵਿੱਚ ਨਹੀਂ ਸਨ ਕਰਦੇ, ਹੋਰ ਰਾਗਾਂ ਵਿੱਚ ਭੀ ਬਾਣੀ ਦਾ ਗਾਇਨ ਕਰਕੇ ਉਹ ਨਵੀਆਂ ਲੀਹਾਂ ਉਸਾਰਦੇ ਸਨ।

ਜਿਸ ਦੌਰ ਵਿੱਚ ਯਾਨੀ 1910-12 ਵਿੱਚ ਭਾਈ ਸਾਹਿਬ ਨੇ ਬਾਲ ਅਵਸਥਾ ਵਿੱਚ ਹੀ ਗੁਰਬਾਣੀ ਕੀਰਤਨ ਦਾ ਆਗਾਜ਼ ਕੀਤਾ ਉਸ ਸਮੇਂ ਧਰੁਪਦ ਗਾਇਕੀ ਖਾਤਮੇ ਦੇ ਕਗਾਰ ਤੇ ਖੜੀ ਸੀ। ਗੁਰਦੁਆਰਾ ਜਨਮ ਅਸਥਾਨ ਜਿੱਥੇ ਉਨ੍ਹਾਂ ਨੇ ਕੀਰਤਨ ਦੀ ਸੇਵਾ ਆਰੰਭ ਕੀਤੀ ਉੱਥੇ ਖਿਆਲੀ ਢੰਗ ਦੀ ਰਬਾਬੀ ਪਰੰਪਰਾ ਪੂਰੇ ਤੌਰ ਤੇ ਛਾ ਚੁੱਕੀ ਸੀ ਅਤੇ ਰਾਗੀ ਸਿੰਘ ਅਲਾਪ, ਵਿਲੰਬਿਤ ਅਤੇ ਦਰੁਤ ਲੈਅ ਵਿੱਚ ਕੀਰਤਨ ਕਰਦੇ ਸਨ।

ਭਾਈ ਸਮੁੰਦ ਸਿੰਘ ਰਬਾਬੀ ਸਕੂਲ ਦੇ ਪੈਰੋਕਾਰ ਨਹੀਂ ਸਨ। ਉਹ ਰਬਾਬੀ ਸ਼ਬਦ ਰੀਤਾਂ ਵਿੱਚ ਗਾਇਨ ਜ਼ਰੂਰ ਕਰਦੇ ਸਨ ਪਰ ਉਸ ਸੰਗੀਤ ਵਿੱਚ ਆਪਣੀ ਬੁੱਧੀ ਅਨੁਸਾਰ ਫੇਰ ਬਦਲ ਵੀ ਕਰਦੇ ਸਨ। ਰਬਾਬੀ ਸਿੰਘ ਆਮ ਤੌਰ ਤੇ ਬੈਠਵੀਂ ਲੈਅ ਵਿਚ ਕੀਰਤਨ ਕਰਨ ਵਿੱਚ ਵਧੇਰੇ ਕਰਕੇ ਅਨੰਦ ਪ੍ਰਾਪਤ ਕਰਦੇ ਸਨ। ਇਸ ਸ਼ੈਲੀ ਵਿੱਚ ਸ਼ਬਦ ਨੂੰ ਲਟਕਾ ਲਟਕਾ ਕੇ ਆਨੰਦ ਲੈ ਕੇ ਪੜ੍ਹਿਆ ਜਾਂਦਾ ਸੀ, ਪਰ ਭਾਈ ਸਮੁੰਦ ਸਿੰਘ ਜੀ ਨੇ ਬੈਠਵੀਂ ਲੈਅ ਨੂੰ ਉਮਰ ਭਰ ਤਰਜੀਹ ਨਹੀਂ ਦਿੱਤੀ। ਉਹ ਲੈਅ ਨੂੰ ਸ਼ਬਦ ਦੇ ਆਕਾਰ ਮੁਤਾਬਿਕ ਭੀ ਤਬਦੀਲ ਕਰਦੇ ਸਨ। ਮਿਸਾਲ ਦੇ ਤੌਰ ਤੇ ਜੇ ਸ਼ਬਦ ਲੰਬਾ ਹੋਵੇ ਤਾਂ ਉਸ ਨੂੰ ਅਧੂਰਾ ਛੱਡਣ ਦੀ ਬਜਾਏ ਭਾਈ ਸਾਹਿਬ ਉਸਨੂੰ ਤੇਜ ਲੈਅ ਵਿੱਚ ਪੜ੍ਹਨ ਦਾ ਯਤਨ ਕਰਦੇ ਸਨ ਪਰ ਸ਼ਬਦ ਦਾ ਸੰਪੂਰਨ ਤੌਰ ਤੇ ਗਾਇਨ ਕਰਨਾ ਹਮੇਸ਼ਾਂ ਉਨ੍ਹਾਂ ਨੂੰ ਅਜ਼ੀਜ਼ ਹੁੰਦਾ ਸੀ। ਉਨ੍ਹਾਂ ਦੀ ਇਸ ਪਰਵਿਰਤੀ ਪਿੱਛੇ ਸ਼ਾਇਦ ਰੇਡੀਉ ਦਾ ਭੀ ਛੁਪਵਾਂ ਹੱਥ ਸੀ।

ਰੇਡੀਉ ਸਟੇਸ਼ਨਾਂ ਤੇ ਵਕਤ ਦੀ ਸਖਤ ਪਾਬੰਦੀ ਲਾਗੂ ਕੀਤੀ ਜਾਂਦੀ ਹੈ। ਸਮੇਂ ਨੂੰ ਪੰਜ, ਦਸ, ਪੰਦਰਾਂ ਅਤੇ ਵੀਹ ਆਦਿ ਮਿੰਟਾਂ ਵਿੱਚ ਵੰਡਿਆ ਜਾਂਦਾ ਹੈ। ਜੇ ਪੰਜ ਮਿੰਟ ਦੀ ਸਲੌਟ ਹੋਵੇ ਤਾਂ ਉਸ ਵਿਚੋਂ 30 ਸੈਕਿੰਟ ਅਨਾਉਸਮੈਂਟ ਵਾਸਤੇ ਵੀ ਛੱਡਣੇ ਪੈਂਦੇ ਹਨ। ਇਸ ਕਰਕੇ ਆਮ ਸੰਗੀਤਕ ਰਚਨਾਵਾਂ ਸਾਢੇ, ਚਾਰ ਮਿੰਟ ਜਾਂ ਸਾਢੇ ਨੌ ਮਿੰਟ ਤੋਂ ਵੱਧ ਅਰਸੇ ਵਾਸਤੇ ਨਹੀਂ ਸੀ ਹੋ ਸਕਦੀਆਂ। ਭਾਈ ਸਮੁੰਦ ਸਿੰਘ ਜੀ ਰੇਡੀਉ ਕਲਾਕਾਰ ਜਲੰਧਰ ਆਣ ਕੇ ਨਹੀਂ ਸਨ ਬਣੇ, ਉਹ ਆਲ ਇੰਡੀਆਂ ਲਾਹੌਰ ਦੇ ਭੀ ਮਾਨਤਾ ਪ੍ਰਾਪਤ ਕਲਾਕਾਰ ਸਨ।

ਭਾਈ ਸੰਤਾ ਸਿੰਘ ਜੀ, ਭਾਈ ਬੁੱਧ ਸਿੰਘ ਤਾਨ ਅਤੇ ਭਾਈ ਸੁਰਜਣ ਸਿੰਘ ਹਿਜ਼ ਮਾਸਟਰਜ਼ ਵੌਇਸ ਰਿਕਾਰਡਿੰਗ ਕੰਪਨੀ (ਕਲੱਕਤਾ) ਦੇ ਭੀ ਮਾਨਤਾ ਪ੍ਰਾਪਤ ਫਨਕਾਰ ਸਨ। ਉਨ੍ਹਾਂ ਦੇ ਉੱਪਰ ਹੋਰ ਭੀ ਸਖਤ ਪਾਬੰਦੀ ਸੀ। ਇੱਕ ਰਿਕਾਰਡ ਦਾ ਇਕ ਪਾਸਾ ਸਿਰਫ ਤਿੰਨ ਮਿੰਟ ਤੋਂ ਸਾਢੇ ਤਿੰਨ ਮਿੰਟ ਤੱਕ ਹੀ ਰਿਕਾਰਡਿੰਗ ਕਰ ਸਕਦਾ ਸੀ, ਇਸ ਕਰਕੇ ਇਨ੍ਹਾਂ ਕੀਰਤਨੀਆਂ ਨੂੰ ਗਾਇਨ ਵਾਸਤੇ ਬਹੁਤ ਛੋਟੇ ਸ਼ਬਦ ਚੁਣਨੇ ਪੈਂਦੇ ਸਨ। ਇਹੋ ਜਿਹੀ ਪਾਬੰਦੀ ਦਾ ਸਾਹਮਣਾ ਭਾਈ ਸਮੁੰਦ ਸਿੰਘ ਜੀ ਨੂੰ ਉਸ ਵਕਤ ਕਰਨਾ ਪਿਆ ਜਦੋਂ ਉਨ੍ਹਾਂ ਨੇ ਪੰਜਾਬੀ ਧਾਰਮਿਕ ਫਿਲਮ "ਨਾਨਕ ਨਾਮ ਜਹਾਜ਼ ਹੈ" ਵਾਸਤੇ ਦੋ ਸ਼ਬਦ ਗਾਇਨ ਕੀਤੇ। ਭਾਈ ਸਮੁੰਦ ਸਿੰਘ ਹੋਰਾਂ ਦੀ ਬਾਕੀ ਦੀ ਸਾਰੀ ਹੀ ਰਿਕਾਰਡਿੰਗ ਲੌਂਗ ਪਲੇਅ ਰਿਕਾਰਡ ਤੇ ਹੈ। ਜਿਨ੍ਹਾਂ ਉੱਪਰ 18 ਮਿੰਟ ਤੱਕ ਦੀ ਰਿਕਾਰਡਿੰਗ ਇੱਕ ਹੀ ਪਾਸੇ ਕੀਤੀ ਜਾ ਸਕਦੀ ਹੈ।

ਭਾਈ ਸਮੁੰਦ ਸਿੰਘ ਜੀ ਛੋਟਾ ਰਾਗ ਗਾਇਨ ਕਰਦੇ ਸਨ। ਛੋਟੇ ਰਾਗ ਤੋਂ ਮੇਰੀ ਮੁਰਾਦ ਅਲਾਪ, ਵਿਲੰਬਤ ਅਤੇ ਦਰੁੱਤ ਲੈਆਂ ਦਾ ਤਰਕ ਕਰਨਾ ਅਤੇ ਕੇਵਲ ਮੱਧ ਲੈਅ ਵਿਚ ਗਾਇਨ ਕਰਨਾ ਹੈ। ਇਸ ਤਰ੍ਹਾਂ ਉਹ ਇਸ ਲੈਅ ਵਿੱਚ ਸ਼ਬਦ ਗਾਇਨ ਆਰੰਭ ਕਰਦੇ ਸਨ ਉਸੇ, ਲੈਅ ਵਿੱਚ ਹੀ

*16,JUNCTION POND LANE, MONMOUTH JUNCTION NJ-08852 USA

ਸਮਾਪਤ ਭੀ ਹੋਇਆ ਕਰਦਾ ਸੀ।

ਬਾਲਪਨ ਤੋਂ ਹੀ ਭਾਈ ਸਮੁੰਦ ਸਿੰਘ ਹੋਰਾਂ ਦੀ ਬਿਰਤੀ ਗੁਰਮਤਿ ਸੰਗੀਤ ਵੱਲ ਸੀ। ਗੁਰਮਤਿ ਸੰਗੀਤ ਉਨ੍ਹਾਂ ਦੇ ਪਰਿਵਾਰ ਵਿੱਚ ਹੀ ਸੀ। ਉਨ੍ਹਾਂ ਨੇ ਸ਼ੁੱਧ ਸ਼ਾਸਤਰੀ ਗਾਇਨ ਕਲਾ ਦੀ ਤਰਬੀਅਤ ਹਾਸਿਲ ਕੀਤੀ ਅਤੇ ਉਸ ਵਿੱਦਿਆ ਦਾ ਬਕਾਇਦਗੀ ਨਾਲ ਰਿਆਜ਼ ਕੀਤਾ। ਮੁੱਕਦਰ ਨੇ ਭੀ ਹਰ ਇੱਕ ਅਹਿਮ ਮਰਹਲੇ ਤੇ ਭਾਈ ਸਾਹਿਬ ਦਾ ਪੂਰਾ ਸਾਥ ਦਿੱਤਾ। ਜਿਸ ਸਮੇਂ ਭਾਈ ਸਾਹਿਬ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਦੇ ਹਜ਼ੂਰੀ ਰਾਗੀ ਨੀਯਤ ਹੋਏ ਉਸ ਸਮੇਂ ਉਨ੍ਹਾਂ ਦੀ ਉਮਰ ਮਹਿਜ਼ ਬਾਰਾਂ ਸਾਲਾਂ ਦੀ ਸੀ। ਅੱਜਕੱਲ੍ਹ ਇਸ ਉਮਰ ਵਿੱਚ ਕੌਣ ਕਿਸੇ ਨੂੰ ਹਜ਼ੂਰੀ ਰਾਗੀ ਦਾ ਰੁਤਬਾ ਦੇ ਸਕਦਾ ਹੈ। ਪਰ ਉਸ ਸਮੇਂ ਪ੍ਰਬੰਧਕਾਂ ਵਿੱਚ ਵੀ ਸੰਗੀਤ ਕਲਾ ਦਾ ਮੱਸ ਅਤੇ ਗਿਆਨ ਹੋਇਆ ਕਰਦਾ ਸੀ। ਜਿਸ ਕਾਰਨ ਉਹ ਉਮਰ ਦੀ ਚਿੰਤਾ ਕੀਤੇ ਬਗੈਰ ਭੀ ਨਿਯੁਕਤੀਆਂ ਕਰ ਜਾਂਦੇ ਸਨ।

ਜਿਉਂ ਜਿਉਂ ਸਮਾਂ ਬੀਤਦਾ ਗਿਆ ਭਾਈ ਸਾਹਿਬ ਦੀ ਆਵਾਜ਼ ਭੀ ਮੰਝਦੀ ਗਈ। ਉਨ੍ਹਾਂ ਦੀ ਨਵੇਕਲੀ ਆਵਾਜ਼ ਤੇ ਮਖਸੂਸ ਕੀਰਤਨ ਸ਼ੈਲੀ ਦੇ ਚਰਚੇ ਗਲੀ ਗਲੀ, ਕੂਚੇ ਕੂਚੇ ਅਤੇ ਨਗਰ ਨਗਰ ਹੋਣ ਲੱਗੇ। 1936 ਵਿੱਚ ਪੰਜਾਬ ਅਤੇ ਉੱਤਰ ਪੱਛਮੀ ਸੂਬੇ ਵਿੱਚ ਰੇਡੀਉ ਸਟੇਸ਼ਨਾਂ ਦੇ ਖੁੱਲਣ ਨਾਲ ਭਾਈ ਸਾਹਿਬ ਦੀ ਆਵਾਜ਼ ਸੱਤਲੁਜ ਤੋਂ ਅੱਟਕ ਤੱਕ ਗੂੰਜਣ ਲੱਗੀ। ਕੌਮ ਦੇ ਨੇਤਰਿਤਵ ਨੇ ਭੀ ਭਾਈ ਸਾਹਿਬ ਨੂੰ ਸਤਕਾਰਿਆ।

ਚੀਫ ਖਾਲਸਾ ਦੀਵਾਨ ਸਿੱਖ ਸਿਆਸਤ ਵਿੱਚ ਮਹੱਤਵਪੂਰਨ ਯੋਗਦਾਨ ਪਾਉਣ ਵਾਲੀ ਸੰਸਥਾ ਸੀ। ਇਹ ਸੰਸਥਾ ਖਾਲਸਾ ਕਾਲਜ ਅੰਮ੍ਰਿਤਸਰ ਦੀ ਭੀ ਪ੍ਰਸ਼ਾਸਕੀ ਕਰਦੀ ਸੀ। ਵਿੱਦਿਆ ਦੇ ਖੇਤਰ ਵਿੱਚ ਇਹ ਸੰਸਥਾਂ ਸਕਰਿਆ ਸੀ। ਚੀਫ ਖਾਲਸਾ ਦੀਵਾਨ ਨੇ ਜਦੋਂ ਤੋਂ ਸਲਾਨਾ ਸਿੱਖ ਐਜੂਕੇਸ਼ਨ ਕਾਨਫਰੰਸਾਂ ਦੀ ਲੜੀ ਦਾ ਆਗਾਜ਼ ਕੀਤਾ ਹੈ ਉਦੋਂ ਤੋਂ ਹੀ ਇਸ ਮਹਾਂ ਸੰਮੇਲਨ ਵਿੱਚ ਸ਼ੁਰੂਆਤ ਸਮੇਂ ਕੀਰਤਨ ਦੀ ਸੇਵਾ ਭਾਈ ਸਮੁੰਦ ਸਿੰਘ ਜੀ ਨੇ ਹੀ ਨਿਭਾਈ ਹੈ। ਮੁੱਕਦਰਾਂ ਤੋਂ ਬਿਨ੍ਹਾਂ ਸਾਡੀ ਕੌਮ ਇਹੋ ਜਹੇ ਸਨਮਾਨ ਕਿਸੇ ਨੂੰ ਨਹੀਂ ਦੇ ਦੀ।

ਇਹ ਭੇਤ ਅਜੇ ਤਾਂਈ ਨਹੀਂ ਖੁਲ ਸਕਿਆ ਕਿ ਜਿਸ ਕੀਰਤਨੀਏ ਨੇ 35 ਵਰ੍ਹੇ ਲਗਾਤਾਰ ਗੁਰਦੁਆਰਾ ਜਨਮ ਅਸਥਾਨ ਦੀ ਸੇਵੀ ਕੀਤੀ ਹੈ, ਉਸਨੇ ਪੰਜਾਬ ਦੀ ਅਭਾਗੀ ਵੰਡ ਤੋਂ ਬਾਅਦ ਬਹੁਤ ਥੋੜੇ ਅਰਸੇ ਵਾਸਤੇ ਹੀ ਕਿਉਂ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਬਤੌਰ ਹਜ਼ੂਰੀ ਰਾਗੀ ਸੇਵਾ ਗਵਾਰਾ ਸਮਝੀ।

ਪੂਰਬੀ ਪੰਜਾਬ ਵਿੱਚ ਆਉਣ ਉਪਰੰਤ ਭਾਈ ਸਮੁੰਦ ਸਿੰਘ ਜੀ ਨੇ ਆਪਣਾ ਮੁਸਤਕਿਲ ਨਿਵਾਸ ਅਸਥਾਨ ਲੁਧਿਆਣੇ ਵਿੱਚ ਬਣਾਇਆ। ਇਸ ਸ਼ਹਿਰ ਨੇ ਭਾਈ ਸਾਹਿਬ ਨੂੰ ਬਹੁਤ ਸਨਮਾਨ ਦਿੱਤਾ। ਇਥੇ ਉਨ੍ਹਾਂ ਨੇ ਬਤੌਰ ਇਕ ਆਜ਼ਾਦ ਰਾਗੀ ਗੁਰਮਤਿ ਸੰਗੀਤ ਦੀ ਸੇਵਾ ਕੀਤੀ। ਲੁਧਿਆਣੇ ਤੋਂ ਉਹ ਹਰ ਇਕ ਮਹੀਨੇ ਵਿੱਚ ਘੱਟ ਤੋਂ ਘੱਟ ਇਕ ਵਾਰੀ ਆਕਾਸ਼ਵਾਣੀ ਜਲੰਧਰ ਜਾਇਆ ਕਰਦੇ ਸਨ, ਜਿੱਥੋਂ ਉਨ੍ਹਾਂ ਦਾ ਸ਼ਬਦ ਕੀਰਤਨ ਬਕਾਇਦਗੀ ਨਾਲ ਪ੍ਰਸਾਰਿਤ ਕੀਤਾ ਜਾਂਦਾ ਹੈ। ਕਦੀ ਕਦੀ ਭਾਈ ਸਾਹਿਬ ਦਿੱਲੀ ਦੀਆਂ ਸੰਗਤਾਂ ਦੇ ਨਿਮੰਤਰਣ ਤੇ ਦਿੱਲੀ ਭੀ ਜਾਇਆ ਕਰਦੇ ਸਨ। ਆਕਾਸ਼ਵਾਣੀ ਦਿੱਲੀ ਨੇ ਭਾਈ ਸਮੁੰਦ ਸਿੰਘ ਜੀ ਦੁਵਾਰਾ ਪ੍ਰਸਤੁਤ ਸ਼ਬਦ ਕੀਰਤਨ ਕਾਫੀ ਪ੍ਰਸਾਰਿਤ ਕੀਤਾ ਹੈ।

ਆਕਾਸ਼ਵਾਣੀ ਦੇ ਭਾਈ ਸਮੁੰਦ ਸਿੰਘ 'ਏ' ਕਲਾਸ ਕਲਾਕਾਰ ਸਨ। ਭਾਈ ਸਾਹਿਬ ਦੀ ਆਵਾਜ਼ ਵਿੱਚ ਮਦੀਨ ਆਵਾਜ਼ ਵਾਲੇ ਗੁਣ ਸਨ। ਮਦੀਨ ਆਵਾਜ਼ ਅਮੂਮਨ ਬੜੀ ਹੀ ਮਧੁਰ ਹੋਇਆ ਕਰਦੀ ਹੈ। ਮਦੀਨ ਆਵਾਜ਼ ਵਿਚ ਉੱਚੀਆਂ ਸੁਰਾਂ ਤੇ ਜਾਣ ਦੀ ਭੀ ਕਸ਼ਮਤਾ ਮਰਦਾਵੀਂ ਆਵਾਜ਼ ਨਾਲੋਂ ਵਧੀਕ ਹੋਇਆ ਕਰਦੀ ਹੈ। ਇਸ ਕਰਕੇ ਭਾਈ ਸਾਹਿਬ ਦੀ ਆਵਾਜ਼ ਵਿੱਚ ਰੇਂਜ ਬਹੁਤ ਜ਼ਿਆਦਾ ਸੀ। ਭਾਈ ਸਾਹਿਬ ਦੇ ਗਲੇ ਵਿੱਚ ਇੱਕ ਅਜੀਬ ਮੁਰਕੀ ਸੀ। ਜੋ ਉਨ੍ਹਾਂ ਨੂੰ ਔਖੀਆਂ ਔਖੀਆਂ ਬੰਦਿਸ਼ਾਂ ਅਦਾ ਕਰਨ ਵਿੱਚ ਸਹਾਈ ਹੁੰਦੀ ਸੀ। ਉਹ ਸੁਰ ਦੇ ਬਾਦਸ਼ਾਹ ਸਨ।

ਭਾਈ ਸਾਹਿਬ ਕੀਰਤਨ ਦੀ ਧਰੁਪਦ ਸ਼ੈਲੀ ਤੋਂ ਭੀ ਜਾਣੂ ਸਨ। ਇਸਦਾ ਜ਼ਿਕਰ ਭਾਈ ਗੁਰਚਰਨ ਸਿੰਘ (ਸਪੁੱਤਰ ਭਾਈ ਜਵਾਲਾ ਸਿੰਘ ਜੀ ) ਜੀ ਨੇ ਇੱਕ ਵਾਰ ਸਰਸਰੀ ਗੱਲਬਾਤ ਵਿੱਚ ਕੀਤਾ। ਪਰ ਉਹ ਧਰੁੱਪਦ ਛੱਡ ਚੁੱਕੇ ਸਨ ਅਤੇ ਛੋਟੇ ਰਾਗ ਉਪਰ ਹੀ ਗੁਰਬਾਣੀ ਗਾਇਨ ਦਾ ਇਨਹਿਸਾਰ ਕਰਦੇ ਸਨ।

ਆਪਣੀ ਉਮਰ ਦੇ ਆਖਰੀ ਸਮੇਂ ਭਾਈ ਸਮੁੰਦ ਸਿੰਘ ਬਹੁਤੇ ਖੁਸ਼ ਨਹੀਂ ਸਨ। ਕੁਝ ਤਾਂ ਪਰਵਾਰ ਵਿਚ ਸੋਗਵਾਰੀ ਉਨ੍ਹਾਂ ਨੂੰ ਪਰੇਸ਼ਾਨ ਕਰਦੀ ਸੀ, ਕੁਝ ਕੌਮ ਦੇ ਅੰਦਰ ਸਰੋਤ ਦੀ ਘਾਟ ਉਨ੍ਹਾਂ ਦੀ ਚਿੰਤਾ ਦਾ ਕਾਰਨ ਸੀ। ਉਨ੍ਹਾਂ ਦੇ ਆਖਰੀ ਸਮੇਂ ਗਈ ਅਜਿਹੇ ਕੀਰਤਨੀਏ ਬੁਲੰਦੀ ਵਲ ਜਾ ਰਹੇ ਸਨ ਜਿਨਾਂ ਦੇ ਪੱਲੇ ਰਾਗ ਦੀ ਦਾਤ ਨਹੀਂ ਸੀ ਪਰ ਵਪਾਰਕ ਪ੍ਰਚਾਰ ਦੇ ਢੰਗ ਤਰੀਕਿਆਂ ਦੇ ਉਹ ਮਾਹਿਰ ਸਨ।

ਸਾਰੀ ਉਮਰ ਬੇਅੰਤ ਰਾਗ ਵਿੱਦਿਆ ਪ੍ਰਾਪਤ ਕਰਕੇ ਭਾਈ ਸਾਹਿਬ ਜ਼ਮਾਨੇ ਨੂੰ ਆਪਣੇ ਮਗਰ ਲਗਾ ਕੇ ਸਿੱਖ ਕੌਮ ਨੂੰ ਸਹੀ ਸੇਧ ਦੇ ਰਹੇ ਸਨ। ਪਰ ਆਪਣੇ ਆਖਰੀ ਸਮੇਂ ਭਾਈ ਸਾਹਿਬ ਨੇ ਜ਼ਮਾਨੇ ਨੂੰ ਸਹੀ ਕਦਰਾਂ ਤੋਂ ਬੇਮੁੱਖ ਹੁੰਦੇ ਵੇਖਿਆ। ਸਰੋਤ ਦੀ ਇਹ ਗਿਰਾਵਟ ਭਾਈ ਸਾਹਿਬ ਦੀ ਬਰਦਾਸ਼ਤ ਤੋਂ ਬਾਹਰ ਸੀ। ਆਖਿਰ ਦੁਖੀ ਹਿਰਦੇ ਨਾਲ ਆਪਣੇ ਸਿਰਹਾਣੇ ਤਾਨ ਪੂਰਾ ਰੱਖ ਕੇ ਕੋਮਲ ਸੁਰਾਂ ਛੇੜਦੇ ਭਾਈ ਸਾਹਿਬ ਸਦੀਵੀ ਵਿਛੋੜਾ ਦੇ ਗਏ। (1900-1972) ■

# ਜੰਮੂ ਕਸ਼ਮੀਰ ਦੇ ਕੀਰਤਨੀਏ ਤੇ ਪ੍ਰਚਾਰਕ

ਡਾ. ਜਸਬੀਰ ਸਿੰਘ ਸਰਨਾ*

### ਭਾਈ ਹਰੀ ਸਿੰਘ

ਭਾਈ ਹਰੀ ਸਿੰਘ ਜੀ ਦਾ ਜਨਮ ਭਾਈ ਤਾਰਾ ਸਿੰਘ ਦੇ ਘਰ 1924 ਸੀ.ਈ. ਵਿੱਚ ਪਿੰਡ ਕੋਟਲੀ, ਮੁਜ਼ੱਫ਼ਰਾਬਾਦ (ਕਸ਼ਮੀਰ) ਵਿੱਚ ਹੋਇਆ। ਭਾਈ ਹਰੀ ਸਿੰਘ ਦੇ ਦਾਦਾ ਭਾਈ ਗਰੀਬ ਸਿੰਘ ਵੀ ਚੰਗੇ ਗ੍ਰੰਥੀ ਅਤੇ ਪ੍ਰਚਾਰਕ ਹੋਏ ਸਨ। ਭਾਈ ਤਾਰਾ ਸਿੰਘ ਵੀ ਚੰਗੇ ਕੀਰਤਨੀਏ ਹੋਏ ਹਨ। ਭਾਈ ਹਰੀ ਸਿੰਘ ਨੇ ਮੁੱਢਲੀ ਧਾਰਮਿਕ ਵਿੱਦਿਆ ਆਪਣੇ ਸੂਝਵਾਨ ਪਿਤਾ ਤੋਂ ਪ੍ਰਾਪਤ ਕੀਤੀ। ਫਿਰ ਆਪ ਜੀ ਨੇ ਰਾਗ ਵਿੱਦਿਆ ਸ੍ਰ: ਮਾਨ ਸਿੰਘ, ਸ੍ਰ: ਜਵਾਹਰ ਸਿੰਘ ਅਤੇ ਸ੍ਰ: ਸੁੰਦਰ ਸਿੰਘ ਜੀ ਨਾਲ ਤਕਰੀਬਨ ਇੱਕ ਦਹਾਕੇ ਨਾਲ ਰਹਿ ਕੇ ਪ੍ਰਾਪਤ ਕੀਤੀ। ਭਾਈ ਹਰੀ ਸਿੰਘ ਦੇ ਪਿਤਾ ਭਾਈ ਤਾਰਾ ਸਿੰਘ ਨੇ ਕਾਫੀ ਸਮੇਂ ਤੱਕ ਗੜ੍ਹੀ ਹਬੀਬਉਲਾ, ਜਹਾਂਗੀਰ, ਹਜ਼ਰੋ, ਨੌਸ਼ਹਿਰਾ ਵਿਖੇ ਗ੍ਰੰਥੀ ਦੀ ਸੇਵਾ ਨਿਭਾਈ ਅਤੇ 1947 ਤੋਂ ਬਾਅਦ ਮੇਰਠ ਅਤੇ ਦੇਹਰਾਦੂਨ ਵਿੱਚ ਵੀ ਇਹੋ ਸੇਵਾ ਬਾ-ਖ਼ੂਬੀ ਨਿਭਾਈ। ਆਪ ਜੀ ਦਾ ਵਿਆਹ ਬੀਬੀ ਈਸ਼ਰ ਕੌਰ ਸਪੁੱਤਰੀ ਭਾਈ ਨਾਹਰ ਸਿੰਘ ਆਫ਼ ਕੋਟਲੀ (ਮੁਜ਼ੱਫ਼ਰਾਬਾਦ) ਨਾਲ ਹੋਇਆ।

ਭਾਈ ਹਰੀ ਸਿੰਘ 1943 ਸੀ.ਈ. ਵਿੱਚ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿੱਚ ਆ ਕੇ ਭਾਈ ਮਾਨ ਸਿੰਘ ਜੀ ਦੇ ਜੱਥੇ ਵਿੱਚ ਸ਼ਾਮਲ ਹੋ ਗਏ ਅਤੇ ਕੀਰਤਨ ਕਰਨ ਲੱਗੇ। 1950 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪ ਦੀ ਰਾਗ ਵਿੱਦਿਆ ਦੀ ਕਾਰਗੁਜ਼ਾਰੀ ਵੇਖ ਕੇ ਹੈੱਡ ਰਾਗੀ ਵਜੋਂ ਨਿਯੁੱਕਤ ਕਰ ਦਿੱਤਾ ਜੋ ਅਜੇ ਤੱਕ ਇਸੇ ਮਾਣਯੋਗ ਰੁੱਤਬੇ ਤੇ ਫੈਜ਼ਯਾਬ ਹਨ। ਭਾਈ ਹਰੀ ਸਿੰਘ ਜੀ ਨਾਲ, ਇਨ੍ਹਾਂ ਦੇ ਵੱਡੇ ਭਾਈ ਸਰਨ ਸਿੰਘ ਤਬਲੇ ਤੇ ਸੇਵਾ ਕਰਦੇ ਹਨ। ਇਨ੍ਹਾਂ ਦਾ ਜਨਮ ਵੀ 1922 ਸੀ.ਈ. ਵਿੱਚ ਕੋਟਲੀ ਵਿਖੇ ਹੋਇਆ। ਆਪ ਜੀ ਨੇ ਤਬੱਲਾ ਉਸਤਾਦ ਸੁੰਦਰ ਖ਼ਾਨ ਕੋਲੋਂ ਸਿੱਖਿਆ। ਉਸ ਤੋਂ ਬਾਅਦ ਭਾਈ ਸੁਰਬਤ ਸਿੰਘ ਭਾਈ ਜਸਵੰਤ ਸਿੰਘ ਪਾਸੋਂ ਤਬਲੇ ਦੀ ਉਚੇਰੀ ਸਿੱਖਿਆ ਪ੍ਰਾਪਤ ਕੀਤੀ। ਭਾਈ ਸਰਨ ਸਿੰਘ 1939 ਸੀ.ਈ. ਵਿੱਚ ਭਾਈ ਨਾਰਾਇਣ ਸਿੰਘ ਤੇ ਕਿਰਪਾਲ ਸਿੰਘ ਦੇ ਜਥੇ ਨਾਲ ਮੁਜ਼ੱਫ਼ਰਾਬਾਦ ਵਿੱਚ ਅਤੇ ਬਾਅਦ ਵਿੱਚ ਪਿਸ਼ਾਵਾਰ ਵਿਖੇ ਭਾਈ ਜੋਗਾ ਸਿੰਘ ਦੇ ਗੁਰਦੁਆਰੇ ਵਿੱਚ ਤਕਰੀਬਨ ਦੋ ਸਾਲ ਤਬਲਾ ਵਜਾਉਣ ਦੀ ਸੇਵਾ ਕਰਦੇ ਰਹੇ। ਕਾਫੀ ਸਮਾਂ ਆਪ ਜੀ ਗੁਰਦੁਆਰਾ ਸਿੰਘ ਸਭਾ ਐਬਟਾਬਾਦ ਵਿੱਚ ਗਿ: ਮਨੋਹਰ ਸਿੰਘ ਭਟਿਕਾ (ਮੁਜ਼ੱਫ਼ਰਾਬਾਦ) ਦੇ ਜੱਥੇ ਵਿੱਚ ਤਬਲੇ ਦੀ ਸੇਵਾ ਨਿਭਾਉਂਦੇ ਰਹੇ। 1943 ਵਿੱਚ ਇਹ ਜੱਥਾ ਪੰਜਾ ਸਾਹਿਬ ਵਿੱਚ ਵੀ ਸੇਵਾ ਕਰਦਾ ਰਿਹਾ।

1947 ਤੋਂ ਬਾਅਦ ਭਾਈ ਸਰਨ ਸਿੰਘ ਅੰਮ੍ਰਿਤਸਰ ਆ ਗਏ ਅਤੇ ਸ੍ਰੀ ਦਰਬਾਰ ਸਾਹਿਬ ਵਿੱਚ ਸੇਵਾ ਕਰਦੇ ਰਹੇ। ਫਿਰ ਆਪਣੇ ਛੋਟੇ ਭਾਈ ਸ੍ਰ. ਹਰੀ ਸਿੰਘ ਨਾਲ ਪਿੱਛਲੇ 48 ਵਰ੍ਹਿਆਂ ਤੋਂ ਦਰਬਾਰ ਸਾਹਿਬ, ਅੰਮ੍ਰਿਤਸਰ ਵਿੱਚ ਤਬਲੇ ਦੀ ਸੇਵਾ ਕਰ ਰਹੇ ਹਨ।

ਭਾਈ ਹਰੀ ਸਿੰਘ ਜੀ ਦੇ ਰਾਗੀ ਜੱਥੇ ਨੂੰ ਅਨੇਕਾਂ ਮਾਣ ਸਨਮਾਨ ਵੀ ਮਿੱਲ ਚੁੱਕੇ ਹਨ ਜਿਨ੍ਹਾਂ ਵਿੱਚੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ 1976, 1977 ਚੀਫ ਖਾਲਸਾ ਦੀਵਾਨ ਦਿੱਲੀ ਦੀਆਂ ਸਿੱਖ ਸੰਗਤਾਂ ਆਦਿ ਵਲੋਂ ਅਨੇਕਾਂ ਮੈਡਲ, ਟ੍ਰਾਫੀਆਂ ਨਾਲ ਸਨਮਾਨਿਤ ਕੀਤਾ ਗਿਆ।

ਭਾਈ ਹਰੀ ਸਿੰਘ ਜੀ ਦਾ ਰਾਗੀ ਜੱਥਾ ਜਿੱਥੇ ਗੁਰਬਾਣੀ ਦੇ ਮਨੋਹਰ ਕੀਰਤਨ ਨਾਲ ਸਿੱਖ ਸੰਗਤਾਂ ਨੂੰ ਪਿੱਛਲੀ ਅੱਧੀ ਸਦੀ ਤੋਂ ਸੁਰਸਾਰ ਕਰ ਰਿਹਾ ਹੈ। ਉਥੇ ਜੰਮੂ ਕਸ਼ਮੀਰ ਦੀ ਰਿਆਸਤ ਦੇ ਸਿੰਘਾਂ ਦਾ ਮਾਣ ਵੀ ਵੱਧ ਰਿਹਾ ਹੈ।

### ਭਾਈ ਬਸੰਤ ਸਿੰਘ

ਭਾਈ ਬਸੰਤ ਸਿੰਘ ਜੀ ਜੰਮੂ ਕਸ਼ਮੀਰ ਦੇ ਪੁਰਾਤਨ ਕੀਰਤਨੀਏ ਸਿੰਘ ਹੋਏ ਹਨ। ਇਨ੍ਹਾਂ ਦੀ ਜਨਮ ਤਾਰੀਖ਼ ਬਾਰੇ ਬਹੁਤਾ ਪਤਾ ਨਹੀਂ ਚੱਲ ਰਿਹਾ। ਸ਼ੁਰੂ ਵਿੱਚ ਇਹ ਡੇਰਾ ਗੁਫ਼ਾ (ਮੁਜ਼ੱਫ਼ਰਾਬਾਦ) ਅਤੇ ਬਾਅਦ ਵਿੱਚ ਭਾਈ ਜੋਗਾ ਸਿੰਘ ਪਿਸ਼ਾਵਰ ਆਦਿ ਗੁਰਦੁਆਰਿਆਂ ਵਿੱਚ 'ਸਿਤਾਰ' ਨਾਲ ਕੀਰਤਨ ਕਰਦੇ ਰਹੇ। ਬਾਅਦ ਵਿੱਚ 'ਹਰਮੋਨੀਅਮ' ਤੇ ਵੀ ਕਾਫੀ ਸਮਾਂ ਕੀਰਤਨ ਕਰਦੇ ਰਹੇ ਆਪ ਜੀ ਨੇ ਗੁਰਮਤਿ ਪ੍ਰਚਾਰ ਕਰਕੇ ਅਨੇਕਾਂ ਸਿੱਖਾਂ ਨੂੰ 'ਖਾਲਸਾ ਕੁਟੰਬ' ਵਿੱਚ ਸ਼ਾਮਿਲ ਕੀਤਾ।

ਆਪ ਜੀ ਦੇ ਤਿੰਨ ਲੜਕਿਆਂ ਜਿਵੇਂ ਭਾਈ ਕਿਰਪਾਲ ਸਿੰਘ, ਭਾਈ ਨਾਰਾਇਣ ਸਿੰਘ ਅਤੇ ਭਾਈ ਪਿਆਰਾ ਸਿੰਘ ਜੀ ਨੇ ਵੀ ਰਾਗ ਵਿੱਦਿਆ ਆਪਣੇ ਪਿਤਾ ਭਾਈ ਬਸੰਤ ਸਿੰਘ ਤੋਂ ਹਾਸਿਲ ਕੀਤੀ ਅਤੇ ਰਿਆਸਤ ਵਿੱਚ ਕੀਰਤਨ ਅਤੇ ਗੁਰਮਤਿ ਪ੍ਰਚਾਰ ਕਰਕੇ

* ਨੇੜੇ ਸੁਪਰ ਬਾਜ਼ਾਰ, ਬਾਰਾਮੂਲਾ - 19301, ਕਸ਼ਮੀਰ

ਨਾਮਣਾ ਖੱਟਿਆ ਹੈ।

**ਭਾਈ ਕਿਰਪਾਲ ਸਿੰਘ, ਮੁਜ਼ਫ਼ਰਾਬਾਦ**

ਪ੍ਰਸਿੱਧ ਕੀਰਤਨੀਏ ਭਾਈ ਬਸੰਤ ਸਿੰਘ ਜੀ ਦੇ ਘਰ ਹੋਣਹਾਰ ਭਾਈ ਕਿਰਪਾਲ ਸਿੰਘ, ਭਾਈ ਨਾਰਾਇਣ ਸਿੰਘ ਅਤੇ ਭਾਈ ਪਿਆਰਾ ਸਿੰਘ ਦਾ ਜਨਮ ਮੁਜ਼ਫ਼ਰਾਬਾਦ (ਹੁਣ ਪਾਕਿਸਤਾਨ ਵਿੱਚਲੇ ਕਸ਼ਮੀਰ) ਵਿੱਚ ਹੋਇਆ। ਮੁੱਢਲੀ ਵਿੱਦਿਆ ਆਪਣੇ ਪਿਤਾ ਜੀ ਕੋਲੋਂ ਹਾਸਿਲ ਕੀਤੀ ਅਤੇ ਬਾਅਦ ਵਿੱਚ ਚੰਗੇ ਰਾਗ ਵਿੱਦਿਆ ਦੇ ਮਾਹਿਰਾਂ ਕੋਲੋਂ ਤਾਲੀਮ ਲਈ। ਭਾਈ ਨਾਰਾਇਣ ਸਿੰਘ ਅਤੇ ਭਾਈ ਪਿਆਰਾ ਸਿੰਘ ਜੀ ਨੂੰ ਸੰਤ ਅਤਰ ਸਿੰਘ ਮਸਤੂਆਣਾ (ਸੰਗਰੂਰ) ਅਤੇ ਬੇਦੀ ਬਰਿਜ ਬਲਬ ਸਿੰਘ (ਊਨਾ) ਵਾਲਿਆਂ ਦੀ ਸ਼ੁਫੱਕਤ ਵੀ ਹਾਸਿਲ ਹੋਈ। ਇਨ੍ਹਾਂ ਨੇ ਸਿੰਘ ਸਭਾ ਲਹਿਰ ਅਤੇ ਗੁਰਮਤਿ ਪ੍ਰਚਾਰ ਲਈ ਕਾਫੀ ਯੋਗਦਾਨ ਪਾਇਆ। ਇਹ ਜੱਥੇ ਛੇਵੇਂ ਪਾਤਸ਼ਾਹੀ ਨਲੂਛੀ (ਮੁਜ਼ਫ਼ਰਾਬਾਦ) ਕਸ਼ਮੀਰ ਅਤੇ ਸ੍ਰੀ ਪੰਜਾ ਸਾਹਿਬ, ਗੁਰਦੁਆਰਾ ਵਿੱਚ ਕਾਫੀ ਸਮਾਂ ਹਜ਼ੂਰੀ ਰਾਗੀ ਵਜੋਂ ਸੇਵਾ ਕਰਦੇ ਰਹੇ।

ਇਸ ਜੱਥੇ ਨੂੰ 1942 ਸੀ.ਈ ਵਿੱਚ ਗੁਰਦਆਰਾ ਛੇਵੀਂ ਪਾਤਸ਼ਾਹੀ ਨਲੂਛੀ (ਮੁਜ਼ਫ਼ਰਾਬਾਦ) ਕਸ਼ਮੀਰ ਵਲੋਂ ਧਾਰਮਿਕ ਪ੍ਰਚਾਰ ਲਈ ਲਈ ਕੋਇਟਾ (ਬਲੋਚਿਸਤਾਨ) ਅਦਿ ਥਾਵਾਂ ਤੇ ਭੇਜਿਆ ਗਿਆ ਸੀ। ਅਕਾਲੀ ਰਵੇਲ ਸਿੰਘ (ਅਭਿਆਲ) ਨੂੰ ਵੀ ਇਸ ਜੱਥੇ ਦੇ ਹਮਸਫਰ ਪ੍ਰਚਾਰਕ ਦੇ ਤੌਰ ਤੇ ਭੇਜਿਆ ਗਿਆ ਸੀ। ਬਹੁਤੇ ਸਹਿਜਧਾਰੀ ਇਨ੍ਹਾਂ ਥਾਵਾਂ ਤੇ ਸਿੰਘ ਸੱਜ ਗਏ ਸਨ। ਇਸ ਰਾਗੀ ਜੱਥੇ ਦੇ ਨਾਲ ਭਾਈ ਸੁਜਾਨ ਸਿੰਘ ਵੀ ਵਿਚੱਰਦੇ ਰਹੇ ਜਿਨ੍ਹਾਂ ਚੰਗੇ ਸੰਗੀਤਕਾਰਾਂ ਵਜੋਂ ਮਾਨਤਾ ਪ੍ਰਾਪਤ ਕੀਤੀ। ਜਿਸ ਕਾਰਨ ਗੁਰਦੁਆਰਾ ਕਮੇਟੀ ਸ੍ਰੀ ਪੰਜਾ ਸਾਹਿਬ ਅਤੇ ਗੁਰਦੁਆਰਾ ਕਮੇਟੀ ਭਾਈ ਜੋਗਾ ਸਿੰਘ ਪਿਸ਼ਾਵਰ ਵਲੋਂ ਮਾਨ ਸਨਮਾਨ ਪ੍ਰਸ਼ੰਸਾ ਸਰਟੀਫਿਕੇਟ ਵੀ ਮਿੱਲੇ ਸਨ।

ਇਨ੍ਹਾਂ ਭਰਾਵਾਂ ਵਿਚੋਂ ਭਾਈ ਨਾਰਾਇਣ ਸਿੰਘ ਕਵੀ ਵੀ ਸਨ ਜਿਨ੍ਹਾਂ ਪੰਜਾਬੀ ਵਿੱਚ ਕਈ ਟ੍ਰੈਕਟ ਛਾਪ ਕੇ ਸਿੱਖੀ ਪ੍ਰਚਾਰ ਕੀਤਾ। ਭਾਈ ਨਾਰਾਇਣ ਸਿੰਘ ਜੀ ਦੇ ਹੋਣਹਾਰ ਸਪੁੱਤਰ ਲਿਖ ਧਾਰਮਿਕ ਰੂਚੀ ਵਾਲੇ ਹਨ। ਉੱਥੇ ਰਿਆਸਤ ਅਤੇ ਰਿਆਸਤ ਤੋਂ ਬਾਹਰ ਵੀ ਨਾਮਣਾ ਖੱਟ ਰਹੇ ਹਨ। ਇਨ੍ਹਾਂ ਦੇ ਸਪੁੱਤਰ ਅਜੀਤ ਸਿੰਘ ਡੀ.ਐਫ.ਓ. ਡਾ. ਦੀਦਾਰ ਸਿੰਘ ਐਮ.ਡੀ. ਅਤੇ ਡਾ. ਨਰਿੰਦਰ ਸਿੰਘ ਐਮ.ਡੀ. ਨੂੰ ਕੌਣ ਨਹੀਂ ਜਾਣਦਾ ਇਨ੍ਹਾਂ ਦੇ ਬੱਚਿਆਂ ਨੇ 1993 ਵਿੱਚ ਕੁੱਲ ਹਿੰਦ ਸ਼ਬਦ ਗਾਇਨ ਮੁਕਾਬਲੇ ਵਿੱਚ ਹਿੱਸਾ ਲੈ ਕੇ ਤੀਜਾ ਰੁੱਤਬਾ ਹਾਸਿਲ ਕੀਤਾ ਸੀ। ਅਤੇ ਆਪਣੇ ਬਜ਼ੁਰਗਾਂ ਵਲੋਂ ਵਰਸੋਈ ਕੀਰਤਨ ਦੀ ਦਾਤ ਨੂੰ ਜਾਰੀ ਰੱਖਿਆ ਹੈ। ਭਾਈ ਸੁਜਾਨ ਸਿੰਘ ਅਤੇ ਸ੍. ਰੱਖਿਆ ਸਿੰਘ ਪਿਤਾ ਦੇ ਨਕਸ਼ੇ-ਕਦਮ ਤੇ ਚੱਲਣ ਤੇ ਫ਼ਖ਼ਰ ਮਹਿਸੂਸ ਕਰ ਰਹੇ ਹਨ। ■

***ਸਹਾਇਕ ਪੁਸਤਕ ਸੂਚੀ***


1. ਚੋਣਵੇਂ ਰਤਨ
2. ਸੰਤ ਰਤਨ ਮਾਲਾ ਗਿ: ਤਾਰਾ ਸਿੰਘ ਸ਼ਾਂਤ
2. ਕਸ਼ਮੀਰ ਤੇ ਸਿੱਖ ਸ੍. ਸਰਵਨ ਸਿੰਘ ਸ਼ਕਤੀਮਾਨ।
4. ਜੰਮੂ ਕਸ਼ਮੀਰ ਦੀ ਤਵਾਰੀਖ -ਡਾ. ਜਸਬੀਰ ਸਿੰਘ ਸਰਨਾ



ਹਰਮੋਨੀਅਮ ਪ੍ਰਾਪਤ ਕਰੋ

ਚੰਗੇ ਹਰਮੋਨੀਅਮ ਪ੍ਰਾਪਤ ਕਰਨ ਲਈ ਸੰਪਰਕ ਕਰੋ
ਐਚ.ਐਮ. 74, ਫੇਜ਼ 3ਬੀ-1, ਮੁਹਾਲੀ ਫੋਨ : 220474

*With best compliments*

**Maj. Gen. Joginder Singh**, VSM & Bar (Retd.)
FIE MBIM MIE MICA
Advisor
Construction Management
&
Quality Assurance

88, Hemkunt,
New Delhi 110 048

Phone : 6474109
6475540

# ਸੰਗੀਤ ਬਾਰੇ

## ਰਸੂਲ ਹਮਜ਼ਾਤੋਵ

★ ਤੁਸੀਂ ਅਲਹਾਏ ਜਿਹੇ ਤਰੀਕੇ ਨਾਲ ਕੰਧ ਤੋਂ ਪਾਂਡੂਰ (ਇਕ ਰੂਸੀ ਸਾਜ਼) ਲਾਹੁੰਦੇ ਹੋ, ਕਿਉਂਕਿ ਤੁਹਾਡੇ ਕੋਲ ਕਰਨ ਲਈ ਹੋਰ ਕੁਝ ਚੰਗੇਰਾ ਨਹੀ, ਸਿਰਫ ਇਹ ਦੇਖਣ ਲਈ ਕਿ ਇਹ ਸੁਰ ਕੀਤਾ ਹੋਇਆ ਹੈ ਜਾਂ ਨਹੀਂ ਤੇ ਇਸ ਨੂੰ ਟੁਣਕਾਉਣਾ ਸ਼ੁਰੂ ਕਰ ਦੇਂਦੇ ਹੋ, ਕਿ ਤੁਹਾਡੇ ਮਨ ਵਿੱਚ ਧੁਨ ਜਨਮ ਲੈ ਲੈਂਦੀ ਹੈ, ਸੁਰਾਂ ਲੈਅ ਵਿਚ ਵਹਿਣ ਲਗ ਪੈਂਦੀਆਂ ਹਨ ਤੇ ਤੁਸੀਂ ਗਾਉਣਾ ਸ਼ੁਰੂ ਕਰ ਦੇਂਦੇ ਹੋ, ਬਿਨਾਂ ਖਿਆਲ ਕੀਤਿਆਂ ਕਿ ਰਾਤ ਮੁੱਕਣ ਵਾਲੀ ਹੈ ਤੇ ਪਹੁ-ਫੁਟਾਲਾ ਹੋਣ ਵਾਲਾ ਹੈ। (ਪੰਨਾਂ-2728)

★ ਇਹ ਬਹਾਰ ਦੇ ਇਕ ਦਿਨ ਦੀ ਗੱਲ ਹੈ । ਜਿਵੇਂ ਕਿ ਸਾਰੇ ਜਾਣਦੇ ਨੇ ਬਸੰਤ ਵਿਚ ਪਿਛਲੀ ਫਸਲ ਦੇ ਸਾਰੇ ਭੰਡਾਰ ਖਤਮ ਹੋ ਚੁੱਕੇ ਹਨ, ਪਰ ਨਵੀਂ ਫਸਲ ਅਜੇ ਆਈ ਨਹੀਂ ਹੁੰਦੀ। ਬਸੰਤ ਵਿਚ ਮੰਡੀ ਦੀਆਂ ਕੀਮਤਾਂ ਪਤਝੜ ਨਾਲੋਂ ਜ਼ਿਆਦਾ ਹੁੰਦੀਆਂ ਹਨ, ਮਿੱਟੀ ਦੇ ਭਾਂਡੇ ਵੀ ਮਹਿੰਗੇ ਹੋ ਜਾਂਦੇ ਹਨ, ਹਾਲਾਂ ਕਿ ਇਹ ਖੇਤਾਂ ਵਿਚ ਨਹੀਂ ਉੱਗਦੇ।

ਪਿਤਾ ਜੀ ਉਦੋਂ ਨੌਜਵਾਨ ਸਨ। ਉਹਨਾਂ ਬਾਜ਼ਾਰ ਜਾਣ ਦਾ ਫੈਸਲਾ ਕੀਤਾ। ਗੁਆਂਢੀ ਨੇ ਉਹਨਾਂ ਨੂੰ ਕਿਹਾ ਕਿ ਮੇਰੇ ਲਈ ਝਾੜੂ ਖਰੀਦ ਲਿਆਈਂ ਤੇ ਇਸ ਵਾਸਤੇ ਉਹਨਾਂ ਨੂੰ ਵੀਹ ਕੋਪੇਕ ਦੇ ਦਿਤੇ।

"ਜੇ ਸਸਤਾ ਮਿਲ ਗਿਆ ਤਾਂ ਬਾਕੀ ਪੈਸੇ ਆਪ ਹੀ ਰੱਖ ਲਈਂ।" ਉਸਨੇ ਨੌਜਵਾਨ ਹਮਜ਼ਾਤ ਨੂੰ ਤੁਰਦੇ ਨੂੰ ਕਿਹਾ।

ਜਲਦੀ ਹੀ ਇਕ ਝਾੜੂ ਵੇਚਣ ਵਾਲਾ ਮਿਲ ਗਿਆ, ਤੇ ਸੌਦਾ ਸ਼ੁਰੂ ਹੋਇਆ। ਸਾਰੇ ਲੋਕ ਜਾਣਦੇ ਨੇ ਕਿ ਪੂਰਬੀ ਬਾਜ਼ਾਰ ਵਿੱਚ ਦੱਸੀ ਗਈ ਪਹਿਲੀ ਕੀਮਤ ਦੀ ਕੋਈ ਮਹੱਤਤਾ ਨਹੀਂ ਹੁੰਦੀ। ਪੰਜ ਕੋਪੇਕ ਦੀ ਚੀਜ਼ ਲਈ ਤੁਹਾਥੋਂ ਸੌ ਰੂਬਲ ਵੀ ਮੰਗਿਆ ਜਾ ਸਕਦਾ ਹੈ।

ਪਿਤਾ ਜੀ ਨੇ ਚੰਗਾ ਮੋਟਾ ਝਾੜੂ ਚੁਣ ਲਿਆ ਤੇ ਪੁੱਛਣ ਲੱਗੇ- "ਵੇਚਣਾ ਈ ?"

"ਮੈਂ ਖੜ੍ਹਾ ਏਥੇ ਕਾਹਦੇ ਲਈ ਹਾਂ ?"

"ਕਿੰਨੇ ਪੈਸੇ ?"

"ਚਾਲ੍ਹੀ ਕੋਪੇਕ।"

"ਝਾੜੂ ਵੀ ਕੋਈ ਘੋੜਾ ਹੁੰਦੈ ਕਿ ਏਨੀ ਜ਼ਿਆਦਾ ਕੀਮਤ ਤੋਂ ਸੌਦਾ ਕਰਨਾ ਸ਼ੁਰੂ ਕੀਤਾ ਜਾਏ? ਠੀਕ ਠਾਕ ਕੀਮਤ ਦੱਸ ਤੇ ਗੱਲ ਖਤਮ ਕਰ।"

"ਚਾਲ੍ਹੀ ਕੋਪੇਕ।"

"ਮਜ਼ਾਕ ਛੱਡ।"

"ਚਾਲ੍ਹੀ ਕੋਪੇਕ।"

"ਮੈਂ ਵੀਹ ਕੋਪੇਕ ਦਿਆਂਗਾ।"

"ਚਾਲ੍ਹੀ ਕੋਪੇਕ।"

"ਪਰ ਮੇਰੇ ਕੋਲ ਹੈਣ ਹੀ ਵੀਹ ਕੋਪੇਕ।"

"ਚਾਲ੍ਹੀ ਕੋਪੇਕ।"

"ਮੇਰੇ ਕੋਲ ਸੱਚ ਇਸ ਨਾਲੋਂ ਜ਼ਿਆਦਾ ਪੈਸੇ ਨਹੀਂ।"

"ਜਦੋਂ ਹੋਏ ਆ ਜਾਈਂ।"

ਇਹ ਦੇਖਦਿਆਂ ਕਿ ਝਾੜੂ ਤਾਂ ਖਰੀਦਿਆ ਨਹੀਂ ਜਾਣਾ, ਪਿਤਾ ਜੀ ਨੇ ਬਾਜ਼ਾਰ ਦਾ ਚੱਕਰ ਲਾਉਣਾ ਸ਼ੁਰੂ ਕਰ ਦਿੱਤਾ, ਤੇ ਜਲਦੀ ਹੀ ਉਹਨਾਂ ਦੀ ਨਜ਼ਰ ਭੀੜ ਉਤੇ ਪਈ ਜਿਹੜੀ ਦੁਕਾਨਾਂ ਦੀ ਕਤਾਰ ਦੇ ਨੇੜੇ ਜਰਾ ਕੁ ਉੱਚੀ ਥਾਂ ਉਤੇ ਜਮਾਂ ਹੋਈ ਹੋਈ ਸੀ। ਉਹ ਉਥੇ ਪੁੱਜੇ ਤੇ ਮੋਢੇ-ਮਾਢੇ ਮਾਰ ਕੇ ਅੱਗੇ ਜਾ ਪਹੁੰਚੇ। ਉਹਨਾਂ ਦੇਖਿਆ ਕਿ ਲੋਕ ਮਹਿਮੂਦ ਭੱਟ ਨੂੰ ਸੁਣ ਰਹੇ ਹਨ।

ਮਹਿਮੂਦ ਪਾਂਡੂਰ ਹੱਥ ਵਿਚ ਫੜੀ ਭੀੜ ਦੇ ਵਿਚਕਾਰ ਬੈਠਾ ਸੀ। ਕਦੀ ਉਹ ਤਾਰਾਂ ਨੂੰ ਟੁਣਕਾਉਣ ਲੱਗ ਜਾਂਦਾ, ਕਦੀ ਆਪਣਾ ਹੱਥ ਤਾਰਾਂ ਉਤੇ ਰਖ ਲੈਂਦਾ ਤੇ ਗਾਉਣਾ ਸ਼ੁਰੂ ਕਰ ਦਿੰਦਾ। ਸਾਰੇ ਸਾਹ ਰੋਕੀ ਉਸਨੂੰ ਸੁਣ ਰਹੇ ਸਨ, ਇਥੋਂ ਤੱਕ ਕਿ ਆਪਣੇ ਮੱਖੀਆਂ ਵਾਲੇ ਕੰਮ ਲਈ ਆਈ ਮੰਡੀ ਵਿਚ ਉਡਦੀ ਫਿਰਦੀ ਮੱਖੀ ਦੀ ਆਵਾਜ਼ ਵੀ ਸੁਣੀ ਜਾ ਸਕਦੀ ਸੀ। ਇਕ ਨੌਜਵਾਨ ਨੂੰ ਗਾਣੇ ਦੇ ਦੌਰਾਨ ਖੰਘ ਆ ਗਈ ਤਾਂ ਇਕ ਬਜ਼ੁਰਗ ਪਹਾੜੀਏ ਨੇ ਜਿਹੜਾ ਖੰਘਣ ਵਾਲੇ ਦਾ ਪਿਓ ਲਗਦਾ ਸੀ, ਉਸਨੂੰ ਉਸੇ ਵੇਲੇ ਬਾਹਰ ਭੇਜ ਦਿੱਤਾ।

ਇਹੋ ਜਿਹੀ ਚੁੱਪ ਵਿਚ ਜਦੋਂ ਮਹਿਮੂਦ ਦੇ ਗਾਣੇ ਤੋਂ ਸਿਵਾ ਇਕ ਆਵਾਜ਼ ਵੀ ਨਹੀਂ ਸੀ ਸੁਣਾਈ ਦੇਂਦੀ। ਜਲਾਤੂਰੀ ਦੇ ਇਕ ਬੰਦੇ ਨੇ ਆਪਣੇ ਨਾਲ ਦੇ ਬੰਦੇ ਨਾਲ ਗੱਲ ਕਰਨੀ ਸ਼ੁਰੂ ਕਰ ਦਿੱਤੀ। ਆਮ ਕਰਕੇ ਉਸ ਦੀ ਮਨਸ਼ਾ ਬੜੀ ਚੰਗੀ ਸੀ। ਨਾਲ ਦੇ ਬੰਦੇ ਨੂੰ ਅਵਾਰ ਬੋਲੀ ਦਾ ਇਕ ਲਫਜ਼ ਨਹੀਂ ਸੀ ਸਮਝ ਆਉਂਦਾ ਇਸ ਲਈ ਜਲਾਤੂਰੀ ਦਾ ਬੰਦਾ ਉਸਨੂੰ ਲਫਜ਼ਾਂ ਦੇ ਅਰਥ ਕਰ ਕਰ ਦੱਸ ਰਿਹਾ ਸੀ। ਮੁਸੀਬਤ ਇਹ ਸੀ ਕਿ ਉਸਦੇ ਬੁੱਲ੍ਹਾਂ ਵਿਚੋਂ ਨਿਕਲੀ ਲਫਜ਼ਾਂ ਦੀ ਨਿਰੰਤਰ ਲੜੀ ਸੁਣਨ ਵਾਲਿਆਂ ਦਾ ਧਿਆਨ ਉਚਾਟ ਕਰਦੀ ਸੀ ਤੇ ਉਹਨਾਂ ਦੀ ਖੁਸ਼ੀ ਭੰਗ ਕਰਦੀ ਸੀ।

ਨੌਜਵਾਨ ਹਮਜ਼ਾਤ (ਮੇਰੇ ਭਵਿੱਖ ਵਿਚ ਬਣਨ ਵਾਲੇ ਪਿਤਾ) ਨੂੰ ਜਲਾਤੂਰੀ ਦੇ ਬੰਦੇ ਦੇ ਵਿਹਾਰ ਉਤੇ ਗੁੱਸਾ ਆ ਗਿਆ। ਉਸਨੇ ਉਸਦੀ ਬਾਂਹ ਖਿੱਚੀ, ਪਰ ਕੋਈ ਫਾਇਦਾ ਨਾ ਹੋਇਆ। ਫਿਰ ਉਸਨੇ ਉਸਨੂੰ ਕੰਨ ਵਿਚ ਕਿਹਾ ਕਿ ਚੁੱਪ ਕਰ ਜਾ, ਪਰ ਉਸਨੇ ਕੋਈ ਧਿਆਨ ਨਾ ਦਿੱਤਾ। ਪ੍ਰੇਸ਼ਾਨੀ ਵਿਚ ਹਮਜ਼ਾਤ ਨੇ ਚਾਰ-ਚੁਫੇਰੇ ਨਜ਼ਰ ਮਾਰੀ ਤੇ ਦੇਖਿਆ ਕਿ ਝਾੜੂ ਵੇਚਣ ਵਾਲਾ ਵੀ ਗਾਣਾ ਸੁਣਨ ਲਈ ਕੋਲ ਆ ਗਿਆ ਸੀ। ਪਿਤਾ ਜੀ ਨਠਦੇ ਹੋਏ ਉਸ ਕੋਲ ਗਏ, ਉਸ ਕੋਲੋਂ ਸਭ ਤੋਂ ਵੱਡਾ ਝਾੜੂ ਫੜ ਲਿਆ ਤੇ ਉਸ ਨਾਲ ਜਲਾਤੂਰਾ ਦੇ ਅਸਹਿ

ਬੰਦੇ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ।

ਜਲਾਤੂਰਾ ਵਾਲਾ ਪਿੱਛੇ ਹੱਟਦਾ ਹੋਇਆ ਹਮਜ਼ਾਤ ਨੂੰ ਧਮਕੀਆਂ ਦੇਂਦਾ ਰਿਹਾ, ਪਰ ਮੇਰੇ ਪਿਤਾ ਨੂੰ ਏਨਾ ਗੁੱਸਾ ਚੜ੍ਹਿਆ ਹੋਇਆ ਸੀ ਕਿ ਉਹਨਾਂ ਨੇ ਉਸਦੀਆਂ ਧਮਕੀਆਂ ਨੂੰ ਸੁਣਿਆ ਤਕ ਨਾ, ਤੇ ਆਖਰ ਗੀਤ ਸੁਣਨ ਵਿਚ ਵਿਘਨ ਪਾਉਣ ਵਾਲੇ ਨੂੰ ਉੱਥੋਂ ਨਠਾ ਦਿੱਤਾ। ਫਿਰ ਪਿਤਾ ਜੀ ਝਾੜੂਆਂ ਵਾਲੇ ਨੂੰ ਝਾੜੂ ਵਾਪਸ ਕਰਨ ਗਏ।

" ਰੱਖ ਲੈ ਹੁਣ ਇਹ ਤੂੰਹੀਓਂ।"

"ਪਰ ਮੇਰੇ ਕੋਲ ਸਿਰਫ ਵੀਹ ਕੋਪੇਕ ਨੇ, ਤੇ ਤੂੰ ਚਾਲ੍ਹੀ ਮੰਗਦੈ।"

"ਜਾਂ ਐਵੇਂ ਲੈ ਜਾ ਤੂੰ ਜੋ ਕੀਤੈ ਉਹ ਮੇਰੀਆਂ ਸਾਰੀਆਂ ਚੀਜ਼ਾਂ ਨਾਲੋਂ ਮਹਿੰਗੈ।"

ਅੱਜ ਦੁਨੀਆਂ ਵਿਚ ਬੜੇ ਨੇ, ਜਿਹੜੇ ਜਲਾਤੂਰਾ ਦੇ ਬੰਦੇ ਵਾਂਗ ਲੋਕਾਂ ਦੇ ਗੀਤ ਮਾਣਨ ਵਿਚ ਵਿਘਨ ਪਾਉਂਦੇ ਨੇ ਉਹਨਾਂ ਦੀ ਗਿਣਤੀ ਵਧ ਗਈ ਹੈ। ਪਰ ਅਫਸੋਸ ਦੀ ਗੱਲ ਹੈ ਕਿ ਨਾ ਹੀ ਉਹਨਾਂ ਨੂੰ ਕੁਟਾਪਾ ਚਾੜ੍ਹਨ ਲਈ ਨਾ ਕੋਈ ਝਾੜੂ ਹੈ, ਤੇ ਨਾ ਹੀ ਉਸ ਝਾੜੂ ਨੂੰ ਵਰਤਣ ਵਾਲਾ ਕੋਈ ਬੰਦਾ ਹੈ। (ਪੰਨਾ - 84)

☆ ਨਾਲ ਲਗਦੀ ਆਊਲ ਤੋਂ ਕੁਝ ਨੌਜਵਾਨ ਮੇਰੇ ਪਿਤਾ ਕੋਲ ਆਏ ਤੇ ਉਹਨਾਂ ਨੂੰ ਦੱਸਣ ਲੱਗੇ ਕਿ ਅਸੀਂ ਇਕ ਗਵੱਈਏ ਨੂੰ ਕੁਟਾਪਾ ਚਾੜ੍ਹ ਕੇ ਆਏ ਹਾਂ।

"ਤੁਸੀਂ ਉਸਨੂੰ ਕਿਉਂ ਕੁੱਟਿਆ?" ਪਿਤਾ ਜੀ ਨੇ ਪੁੱਛਿਆ।

"ਉਹ ਗਾਉਂਦਾ ਗਾਉਂਦਾ ਏਨੀ ਫੂਕ ਲੈਂਦਾ ਸੀ - ਜਾਣ ਬੁਝ ਕੇ ਖੰਘਦਾ ਸੀ, ਲਫਜ਼ਾਂ ਨੂੰ ਖਲਤ-ਮਲਤ ਕਰਦਾ ਸੀ, ਇੱਕਦਮ ਚੀਕਾਂ ਕੱਢਣ ਲੱਗ ਪੈਂਦਾ, ਇੱਕਦਮ ਕੁੱਤੇ ਵਾਂਗ ਭੌਂਕਣ ਲੱਗ ਪੈਂਦਾ। ਉਸਨੇ ਗਾਣਾ ਤਬਾਹ ਕਰ ਦਿੱਤਾ, ਇਸ ਲਈ ਅਸੀਂ ਉਸਨੂੰ ਕੁਟਾਪਾ ਚਾੜ੍ਹਿਆ।"

"ਤੁਸੀਂ ਉਸਨੂੰ ਕਾਹਦੇ ਨਾਲ ਕੁੱਟਿਆ?"

"ਕੁਝ ਨੇ ਆਪਣੀਆਂ ਪੇਟੀਆਂ ਨਾਲ, ਬਾਕੀ ਦਿਆਂ ਨੇ ਘਸੁੰਨਾਂ ਨਾਲ।"

"ਤੁਹਾਨੂੰ ਚਾਬੁਕ ਵੀ ਵਰਤਣੀ ਚਾਹੀਦੀ ਸੀ। ਪਰ ਮੈਨੂੰ ਇਹ ਦੱਸੋ ਤੁਸੀਂ ਕਿਹੜੀ ਕਿਹੜੀ ਥਾਂ ਉਤੇ ਮਾਰੀਆਂ?"

"ਜ਼ਿਆਦਾ ਤਾਂ ਹੇਠਲੇ ਹਿੱਸਿਆਂ ਉਤੇ ਹੀ ਪਈਆਂ, ਪਰ ਧੌਣ ਉਤੇ ਵੀ ਕੁਝ ਪਈਆਂ ਹੋਣਗੀਆਂ।"

"ਪਰ ਸਭ ਤੋਂ ਬਹੁਤਾ ਕਸੂਰ ਉਸਦੇ ਸਿਰ ਦਾ ਸੀ।" (ਪੰਨਾ - 88)

☆ ਮੈਂ ਤੁਹਾਨੂੰ ਇਕ ਹੋਰ ਘਟਨਾ ਬਾਰੇ ਕਿਉਂ ਨਾ ਦੱਸ ਦੇਵਾਂ ਜੇ ਇਹ ਮੇਰੇ ਮਨ ਵਿਚ ਆ ਹੀ ਗਈ ਹੈ ਤਾਂ? ਮਖਾਚਕਲਾ ਵਿਚ ਗੋਈ ਅਵਾਰ ਗਾਇਕ ਰਹਿੰਦਾ ਹੈ। ਮੈਂ ਤੁਹਾਨੂੰ ਉਸਦਾ ਨਾਂ ਨਹੀਂ ਦੱਸਾਗਾਂ ਕਿਉਂਕਿ ਉਹ ਮੇਰੀ ਕਹਾਣੀ ਦਾ ਮਤਲਬ ਸਮਝ ਜਾਏਗਾ। ਪਰ ਸਾਨੂੰ ਕੋਈ ਫਰਕ ਨਹੀਂ ਪੈਂਦਾ। ਗਾਇਕ ਅਕਸਰ ਪਿਤਾ ਜੀ ਤੋਂ ਆਪਣੀਆਂ ਧੁਨਾਂ ਲਈ ਗੀਤ ਲਿਖਵਾਉਣ ਆਇਆ ਕਰਦਾ ਸੀ। ਪਿਤਾ ਜੀ ਮੰਨ ਜਾਂਦੇ ਤੇ ਗੀਤ ਤਿਆਰ ਹੋ ਜਾਂਦੇ।

ਇਕ ਦਿਨ ਜਦੋਂ ਅਸੀਂ ਚਾਹ ਪੀ ਰਹੇ ਸਾਂ, ਰੇਡੀਓ ਅਨਾਊਂਸਰ ਨੇ ਐਲਾਨ ਕੀਤਾ ਕਿ ਫਲਾਂ-ਫਲਾਂ ਪ੍ਰਸਿੱਧ ਗਾਇਕ ਗੀਤ ਸੁਣਾਏਗਾ, ਜਿਨ੍ਹਾਂ ਦੇ ਸ਼ਬਦ ਹਮਜ਼ਾਤ ਤਸਾਦਾਸਾ ਦੇ ਹਨ। ਅਸੀਂ ਆਪਣੇ ਕੰਨ ਖੜੇ ਕਰ ਲਏ ਤੇ ਪਿਤਾ ਜੀ ਨੇ ਵੀ ਸੁਣਨਾ ਸ਼ੁਰੂ ਕਰ ਦਿੱਤਾ, ਪਰ ਜਿਉਂ ਜਿਉਂ ਅਸੀਂ ਸੁਣੀ ਜਾਂਦੇ ਸਾਡੀ ਹੈਰਾਨੀ ਵਧਦੀ ਜਾਂਦੀ, ਕਿਉਂਕਿ ਗਾਇਕ ਇਸ ਤਰ੍ਹਾਂ ਗਾਉਂਦਾ ਸੀ ਕਿ ਇਕ ਵੀ ਲਫਜ਼ ਪੱਲੇ ਨਹੀਂ ਸੀ ਪੈਂਦਾ। ਅਸੀਂ ਜੋ ਕੁਝ ਸੁਣਿਆ, ਉਹ ਸਿਰਫ ਕੁਝ ਚੀਕਾਂ ਸਨ ਤੇ ਗਾਇਕ ਲਫਜ਼ਾਂ ਨੂੰ ਇਸ ਤਰ੍ਹਾਂ ਨਾਲ ਚਬਾ ਰਿਹਾ ਸੀ ਜਿਵੇਂ ਕੁੱਕੜ ਪਹਿਲਾਂ ਆਪਣਾ ਦਾਣਾ ਖਿਲਾਰ ਲੈਂਦਾ ਹੈ ਤੇ ਫਿਰ ਦਾਣੇ ਨੂੰ ਚੁੰਝਾਂ ਮਾਰ ਮਾਰ ਚੁਗਦਾ ਹੈ

ਜਦੋਂ ਪਿਤਾ ਜੀ ਉਸ ਗਾਇਕ ਨੂੰ ਮਿਲੇ ਤਾਂ ਉਹਨਾਂ ਪੁੱਛਿਆ ਕਿ ਤੂੰ ਮੇਰੇ ਲਫਜ਼ਾਂ ਨਾਲ ਏਨਾਂ ਭੈੜਾ ਵਿਹਾਰ ਕਿਉਂ ਕਰਦੈਂ?

"ਮੈਂ ਇਸ ਕਰਕੇ ਇੰਜ ਕਰਦਾ ਹਾਂ ਕਿਉਂਕਿ ਮੈਂ ਨਹੀਂ ਚਾਹੁੰਦਾ ਕਿ ਕੋਈ ਸਮਝ ਜਾਏ ਤੇ ਲਫਜ਼ ਯਾਦ ਕਰ ਲਵੇ," ਗਾਇਕ ਨੇ ਜਵਾਬ ਦਿਤਾ, "ਜੇ ਪਹਾੜਾਂ ਵਿਚਲੇ ਦੂਜੇ ਗਾਇਕ ਸ਼ਬਦ ਸਮਝ ਗਏ ਤਾਂ ਉਹ ਵੀ ਮੇਰਾ ਗੀਤ ਗਾਉਣ ਲੱਗ ਪੈਣਗੇ, ਪਰ ਮੈਂ ਚਾਹੁੰਦਾ ਹਾਂ ਕਿ ਸਿਰਫ ਮੈਂ ਹੀ ਉਸਨੂੰ ਗਾਵਾਂ।"

ਕੁਝ ਸਮਾਂ ਮਗਰੋਂ ਪਿਤਾ ਜੀ ਨੇ ਆਪਣੇ ਦੋਸਤਾਂ ਨੂੰ ਪਾਰਟੀ ਦਿਤੀ ਤੇ ਉਸ ਗਾਇਕ ਨੂੰ ਵੀ ਸੱਦਿਆ। ਪਾਰਟੀ ਦੇ ਅਖੀਰ ਉਤੇ, ਪਿਤਾ ਜੀ ਨੇ ਕੰਧ ਨਾਲੋਂ ਟੁੱਟੀਆਂ ਤਾਰਾਂ ਵਾਲਾ ਕੁਮੁਜ਼ ਲਾਹਿਆ, ਤੇ ਜਿਹੜੀ ਇਕੋ ਇਕ ਤਾਰ ਠੀਕ ਸੀ, ਹਾਲਾਂਕਿ ਉਹ ਵੀ ਕੱਸੀ ਨਹੀਂ ਸੀ ਹੋਈ ਉਸਨੂੰ ਖੜਕਾਉਣਾ ਸ਼ੁਰੂ ਕਰ ਦਿੱਤਾ। ਉਹਨਾਂ ਨੇ ਗਾਇਕ ਦਾ ਬਣਾਇਆ ਹੋਇਆ ਗੀਤ ਗਾਉਣਾ ਸ਼ੁਰੂ ਕਰ ਦਿਤਾ। ਉਹ ਲਫਜ਼ ਬੜੀ ਸਪਸ਼ਟ ਤਰ੍ਹਾਂ ਬੋਲਦੇ ਪਰ ਧੁਨ ਨੂੰ ਬੁਰੀ ਤਰ੍ਹਾਂ ਵਿਗਾੜ ਦੇਂਦੇ ਤੇ ਨਾਲ ਆਪਣਾ ਟੁੱਟਾ ਹੋਇਆ ਸਾਜ਼ ਵਜਾਈ ਜਾਂਦੇ। ਗਾਇਕ ਗੁੱਸੇ ਵਿਚ ਆ ਗਿਆ ਤੇ ਕਹਿਣ ਲੱਗਾ ਕਿ ਮੇਰਾ ਗੀਤ ਟੁੱਟੇ ਹੋਏ ਤਾਂ ਕੀ, ਵਿਗੜੇ ਹੋਏ ਸਾਜ਼ ਉਤੇ ਵੀ ਨਹੀਂ ਗਾਇਆ ਜਾ ਸਕਦਾ, ਕਿਉਂਕਿ ਇਸ ਤਰ੍ਹਾਂ ਦਾ ਸਾਜ਼ ਮੇਰੀ ਧੁਨ ਦੀ ਸਾਰੀ ਸੁੰਦਰਤਾ ਪ੍ਰਗਟ ਨਹੀਂ ਕਰ ਸਕਦਾ।"

"ਮੈਂ ਜਾਣ-ਬੁਝ ਕੇ ਇਸ ਤਰ੍ਹਾਂ ਗਾਇਆ ਤੇ ਵਜਾਇਆ ਹੈ," ਪਿਤਾ ਜੀ ਨੇ ਆਰਾਮ ਨਾਲ ਜਵਾਬ ਦਿੱਤਾ, "ਤਾਂ ਕਿ ਦੂਜੇ ਤੇਰੀ ਧੁਨ ਨੂੰ ਯਾਦ ਨਾ ਕਰ ਲੈਣ, ਜੇ ਐਸਾ ਗੀਤ ਠੀਕ ਹੈ ਜਿਸਦੇ ਲਫਜ਼ਾਂ ਦਾ ਕੋਈ ਸਿਰ-ਪੈਰ ਨਾ ਹੋਵੇ ਤਾਂ ਐਸਾ ਗੀਤ ਵੀ ਠੀਕ ਹੈ ਜਿਸਦੀ ਧੁਨਾ ਸਮਝੀ ਜਾ ਸਕੇ। (ਪੰਨਾ 89-90)

★ ਜਿਸ ਵੇਲੇ ਅਸੀਂ ਅਬੂਤਾਲਿਬ ਨੂੰ ਅਲਵਿਦਾ ਕਹਿ ਰਹੇ ਸਾਂ, ਤਾਂ ਉਹ ਪੁੱਛਣ ਲੱਗੇ।

"ਰਸੂਲ, ਕੀ ਮੇਰੇ ਟੈਲੀਫੂਨ ਬਿਲਕੁਲ ਨਹੀਂ ਲਗ ਸਕਦਾ?"

"ਤੈਨੂੰ ਟੈਲੀਫੂਨ ਕਾਹਦੇ ਲਈ ਚਾਹਦੈ, ਜਦ ਕਿ ਤੂੰ ਮੇਜ਼ ਨੂੰ ਜਾਂ ਮੰਜੇ ਤੱਕ ਨੂੰ ਵੀ ਨਹੀਂ ਵਰਤਦਾ?"

"ਮੈਂ ਟੈਲੀਫੂਨ ਉਤੇ ਸੁਰਨਾ ਵਜਾ ਕੇ ਸੁਣਾਇਆ ਕਰਾਂਗਾ, ਕਦੀ ਮਾਸਕੋ ਵਿਚ ਨਿਕੋਲਾਈ ਤਿਖੋਨੋਵ ਨੂੰ, ਕਦੀ ਸਹਿਕਾਰੀ ਫਾਰਮ ਦੇ ਪ੍ਰਧਾਨ ਨੂੰ। ਨਹੀਂ ਤਾਂ ਪ੍ਰਧਾਨ ਨੂੰ ਪਤਾ ਕਿਸ ਤਰ੍ਹਾਂ ਲੱਗੇਗਾ ਕਿ ਮੈਂ ਅਜੇ ਜਿਉਂਦਾ ਜਾਗਦਾ ਹਾਂ ਤੇ ਮੇਰਾ ਸੁਰਨਾ ਅਜੇ ਵੀ ਉਹ ਪੁਰਾਣੇ ਗੀਤ ਸੁਣਾ ਸਕਦਾ ਹੈ? ਜਦੋਂ ਟੈਲੀਫੂਨ ਉਤੇ ਸਾਡਾ ਪ੍ਰਧਾਨ ਮੇਰਾ ਸੁਰਨਾ ਸੁਣੇਗਾ ਤਾਂ ਉਹ ਮਹਿਸੂਸ ਕਰੇਗਾ ਕਿ ਸਾਡੇ ਪਹਾੜਾਂ ਦੀਆਂ ਧੁਨੀਆਂ ਤੇ ਖੁਸ਼ਬੂਆਂ ਮੇਰੇ ਸ਼ਹਿਰੀ ਫਲੈਟ ਵਿਚ ਅਜੇ ਵੀ ਰਹਿ ਰਹੀਆਂ ਨੇ।"

"ਬੱਸ, ਬਹੁਤ ਹੈ ਅਬੂਤਾਲਿਬ। ਤੇਰੀਆਂ ਧੁਨਾਂ ਪਹਾੜਾਂ ਦੀ ਸੁਗੰਧ ਨਾਲ ਭਰਪੂਰ, ਟੈਲੀਫੋਨ ਦੀ ਮਦਦ ਤੋਂ ਬਿਨ੍ਹਾਂ ਵੀ ਮਾਸਕੋ ਪਹੁੰਚ ਜਾਣਗੀਆਂ ਤੇ ਤੇਰੇ ਆਪਣੇ ਪਿੰਡ ਵਿਚ ਸੁਣੀਆਂ ਜਾਣਗੀਆਂ, ਦਾਗਿਸਤਾਨ ਦੇ ਸਾਰੇ ਪਿੰਡ ਵਿਚ ਦੁਨੀਆਂ ਦੇ ਸਾਰੇ ਹਿੱਸਿਆਂ ਵਿਚ ਸੁਣੀਆਂ ਜਾਣਗੀਆਂ। ਉਹ ਪਹਾੜਾਂ ਨਾਲੋਂ ਵੀ ਉੱਚੀਆਂ ਉਡਣਗੀਆਂ।"

(ਪੰਨਾ - 199-200)

★ "ਅੱਜਕੱਲ ਸਮਾਗਮਾਂ ਵਿਚ ਨੌਜਵਾਨ ਗਾਉਣ ਦੀ ਥਾਂ ਚਿੱਲਾਉਂਦੇ ਨੇ। ਉਹ ਚਿੱਲਾ ਚਿੱਲਾ ਕੇ ਚੰਗੇ ਚੰਗੇ ਲੋਕ ਗੀਤਾਂ ਦਾ ਨਾਸ ਪੁੱਟ ਦੇਂਦੇ ਨੇ। ਨਵੇਂ ਗੀਤ ਇਸ ਤਰ੍ਹਾਂ ਤੇ ਨੇ ਕਿ ਗਾਉਣ ਵਾਲੇ ਨੂੰ ਕੂਕਾਂ ਛੱਡਣੀਆਂ ਪੈਂਦੀਆਂ ਨੇ, ਭਾਂਵੇਂ ਉਹ ਚਾਹੁੰਦਾ ਹੋਵੇ ਜਾਂ ਨਾ। ਸਾਨੂੰ ਇਹ ਸਾਰਾ ਕੁਝ ਬੰਦ ਕਰਵਾਉਣਾ ਚਾਹੀਦਾ ਹੈ। ਰੇਡੀਓ ਉਤੇ ਮੁਹੱਬਤ ਦੇ ਬਹੁਤ ਸਾਰੇ ਗੀਤ ਪ੍ਰਸਾਰਿਤ ਕੀਤੇ ਜਾਂਦੇ ਨੇ ਤੇ ਕੁਝ ਗੀਤਾਂ ਵਿਚ ਤਾਂ ਸਗੋਂ ਪੁਰਾਣੀਆਂ ਕਥਾਵਾਂ ਦੀਆਂ ਹੂਰਾਂ ਦੀਆਂ ਸਿਫਤਾਂ ਹੁੰਦੀਆਂ ਨੇ। ਸਾਥੀ ਦਾਨੀਆਂਲੋਵ ਗਾਉਣ ਵਾਲਿਆਂ ਨੂੰ ਕਹੋ ਕਿ ਹੂਰਾਂ ਦੇ ਗੀਤ ਗਾਉਣੇ ਬੰਦ ਕਰਨ ਤੇ ਆਪਣੀਆਂ ਸਿਫਤਾਂ ਅੱਜ ਦੇ ਖੇਤਾਂ ਦੇ ਫਾਰਮਾਂ ਦੇ ਯੋਧਿਆਂ ਤਕ ਸੀਮਤ ਰੱਖਣ।"

(ਪੰਨਾ 191-92)

ਜੇ ਤੁਸੀਂ ਕਹਾਣੀ ਸੁਣਾ ਨਹੀਂ ਸਕਦੇ, ਤਾਂ ਗਾਓ,
ਜੇ ਗਾ ਨਹੀਂ ਸਕਦੇ ਤਾਂ ਕਹਾਣੀ ਸੁਣਾਓ।

(ਪੰਨ - 155)

ਗਾਉਣ ਵਾਲੇ ਦਾ ਗਲਾ ਉਸਦੀ ਪਛਾਣ।
ਸੁਨਿਆਰੇ ਦੀ ਪਰਖ-ਗਹਿਣਿਆਂ ਦੀ ਸ਼ਾਨ।

(ਪੰਨਾ -156)

ਵਾਇਲਨ ਨੂੰ ਸੁਰ ਕਰਨ ਦੇ ਯੋਗ ਹੋਣਾ ਹੀ ਕਾਫੀ ਨਹੀਂ,
ਇਸ ਨੂੰ ਵਜਾਉਣਾ ਵੀ ਆਉਣਾ ਚਾਹੀਦਾ ਹੈ।

(ਪੰਨਾ - 257)

*ਧੰਨਵਾਦ ਸਹਿਤ - ਮੇਰਾ ਦਾਗਿਸਤਾਨ ਵਿਚੋਂ*

**ਪੇਸ਼ਕਸ਼ : ਪ੍ਰੋ. ਸਤਵਿੰਦਰ ਸਿੰਘ**


**ਦਿੱਲੀ ਦੇ ਸਿੱਖਾਂ ਅਤੇ ਪੰਜਾਬੀਆਂ ਦੀ ਇੱਕੋ-ਇੱਕ ਆਵਾਜ਼**

ਸਿੱਖ ਲੀਗ

(ਪੰਦਰਵਾੜਾ)

2602, ਸ਼ਾਦੀਪੁਰ ਮੇਨ ਬਾਜ਼ਾਰ, ਨਵੀਂ ਦਿੱਲੀ - 8
ਫੋਨ : 5707096

**ਤਿੰਨ ਅਨਮੋਲ ਪੁਸਤਕਾਂ**

- ਗੁਰੂ ਗੋਬਿੰਦ ਸਿੰਘ ਰਾਗ-ਰਤਨਾਵਲੀ (ਪ੍ਰੋ. ਤਾਰਾ ਸਿੰਘ)
- ਗੁਰਮਤਿ ਸੰਗੀਤ ਵਿਸ਼ੇਸ਼ ਅੰਕ
- ਸਹਿਜ ਧੁਨ (ਪ੍ਰੋ. ਪਰਮਜੋਤ ਸਿੰਘ)

*ਕੇਵਲ ਸੌ ਰੁਪਏ ਵਿਚ ਡਾਕ ਖਰਚ ਸਮੇਤ*
*ਅੰਮ੍ਰਿਤ ਕੀਰਤਨ ਟ੍ਰਸਟ 422, ਸੈਕਟਰ 15 ਏ, ਚੰਡੀਗੜ੍ਹ*

*With best compliments*

**Tirlok Singh Narula**

**Kingsway**
the school unform people

S.C.F. 15, Sector 22-D,
Chandigarh 160 022
Phone 707421

Resi. : 95, Sector 21-A, Chandigarh Phone : 704529, 703982

## ★ ਉਚ ਦੇ ਪੀਰ

– ਪ੍ਰੋ. ਕਰਤਾਰ ਸਿੰਘ

ਸ੍ਰੀ ਅਨੰਦਪੁਰ ਤੋਂ ਚਲ ਕੇ ਵੈਰੀਆਂ ਦੀ ਫੌਜ ਨਾਲ ਲੜਦੇ-ਭਿੜਦੇ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਪਿੰਡ ਪੁੱਜੇ। ਉੱਥੇ ਉਨ੍ਹਾਂ ਨੇ ਕਿਲੇ ਦੀ ਸ਼ਕਲ ਵਾਲੀ ਕੱਚੀ ਹਵੇਲੀ ਵਿੱਚ ਮੋਰਚੇ ਗੱਡ ਲਏ। ਉਨ੍ਹਾਂ ਨਾਲ ਦੋਵੇਂ ਸਾਹਿਬਜ਼ਾਦੇ, ਪੰਜ ਪਿਆਰੇ ਅਤੇ ਪੈਂਤੀ ਕੁ ਸਿੱਖ ਸਨ। ਵੈਰੀ ਦਲ ਦੀ ਗਿਣਤੀ ਕਈ ਹਜ਼ਾਰਾਂ ਸੀ।

ਚਮਕੌਰ ਸਾਹਿਬ ਦੇ ਯੁਧ ਵਿੱਚ ਦੋਵੇਂ ਸਾਹਿਬਜ਼ਾਦੇ, ਪੰਜਾਂ ਵਿੱਚੋਂ ਤਿੰਨ ਪਿਆਰੇ ਅਤੇ ਕੇਵਲ ਪੰਜਾ ਤੋਂ ਬਿਨ੍ਹਾਂ ਬਾਕੀ ਦੇ ਸਭ ਸਿੱਖ ਸ਼ਹੀਦ ਹੋ ਗਏ। ਇਨ੍ਹਾਂ ਪੰਜਾ ਸਿੰਘਾਂ ਨੇ ਰਲ ਕੇ ਗੁਰੂ ਜੀ ਨੂੰ ਬੇਨਤੀ ਕੀਤੀ ਤੇ ਵਾਸਤੇ ਪਾਏ ਕਿ ਆਪ ਰਾਤੋ ਰਾਤ ਇਥੋਂ ਚਲੇ ਜਾਓ। ਉਨ੍ਹਾਂ ਦੀ ਸਲਾਹ ਮੰਨ ਕੇ ਗੁਰੂ ਜੀ ਚਮਕੌਰ ਸਾਹਿਬ ਤੋਂ ਰਾਤ ਵੇਲੇ ਤੁਰ ਪਏ। ਦੋ ਪਿਆਰੇ ਭਾਈ ਦਇਆ ਸਿੰਘ ਜੀ ਤੇ ਭਾਈ ਧਰਮ ਸਿੰਘ ਜੀ ਅਤੇ ਇਕ ਹੋਰ ਸਿੰਘ ਭਾਈ ਮਾਨ ਸਿੰਘ ਜੀ ਆਪ ਦੇ ਨਾਲ ਤੁਰੇ।

ਹਨੇਰੇ ਵਿਚ ਇਹ ਤਿੰਨੇ ਸਿੰਘ ਗੁਰੂ ਜੀ ਨਾਲੋਂ ਨਿੱਖੜ ਗਏ। ਗੁਰੂ ਜੀ ਇੱਕਲੇ ਕਈ ਦਿਨ ਭੁੱਖਣ-ਭਾਣੇ ਸਫਰ ਕਰਦੇ ਗਏ। ਪੈਰ ਨੰਗੇ ਸਨ, ਉਹ ਕੰਡਿਆਂ ਨਾਲ ਵਿੰਨ੍ਹੇ ਗਏ ਝਾੜੀਆਂ ਨਾਲ ਅੜ ਅੜ ਕੇ ਕੱਪੜੇ ਵੀ ਲੀਰੋ ਲੀਰ ਹੋ ਗਏ। ਭਰ ਸਿਆਲੇ ਦੀ ਰੁੱਤ ਸੀ। ਰਾਤ ਵੇਲੇ ਆਪ ਨੰਗੀ ਭੋਂ ਉੱਪਰ ਢੀਮ ਦਾ ਸਿਰਹਾਣਾ ਬਣਾ ਕੇ ਸੌਂਦੇ ਸਨ। ਸਰੀਰ ਕਮਜ਼ੋਰ ਹੋ ਗਿਆ, ਪਰ ਆਪ ਦਾ ਦਿਲ ਉਸੇ ਤਰ੍ਹਾਂ ਹੀ ਪੱਕਾ ਅਤੇ ਤਕੜਾ ਸੀ। ਇੰਨੀ ਤਕਲੀਫ ਵਿਚ ਵੀ ਆਪ ਹਰ ਵੇਲੇ ਚੜ੍ਹਦੀਆਂ ਕਲਾਂ ਵਿਚ ਰਹੇ।

ਇਸ ਤਰ੍ਹਾਂ ਭੁੱਖਣ-ਭਾਣੇ, ਥੱਕੇ ਹੋਏ ਅਤੇ ਕੰਡਿਆਂ ਨਾਲ ਵਿੰਨ੍ਹੇ, ਨੰਗੇ ਪੈਰੀਂ ਸਫਰ ਕਰਦੇ-ਕਰਦੇ ਆਪ ਮਾਛੀਵਾੜੇ ਦੇ ਇਕ ਬਾਗ ਵਿੱਚ ਪੁੱਜੇ। ਉਥੇ ਆਪ ਟਿਕ ਗਏ। ਉਥੇ ਹੀ ਤਿੰਨੇ ਸਿੰਘ ਆਪ ਨੂੰ ਆ ਮਿਲੇ।

ਇਹ ਬਾਗ਼ ਗੁਲਾਬੇ ਮਸੰਦ ਦਾ ਸੀ। ਉਸ ਨੂੰ ਗੁਰੂ ਜੀ ਦੇ ਆਉਣ ਦਾ ਪਤਾ ਲੱਗਾ। ਉਹ ਆਪ ਦੇ ਹਜ਼ੂਰ ਹਾਜ਼ਰ ਹੋਇਆ। ਉਹ ਉਨ੍ਹਾਂ ਨੂੰ ਆਪਣੇ ਘਰ ਲੈ ਗਿਆ ਅਤੇ ਚੁਬਾਰੇ ਵਿੱਚ ਉਤਾਰਾ ਕਰਾਇਆ। ਕੁਝ ਸਮਾਂ ਗੁਰੂ ਜੀ ਇੱਥੇ ਟਿਕੇ।

ਸਰਹਿੰਦ ਦੇ ਨਵਾਬ ਦੀ ਭੇਜੀ ਹੋਈ ਫੌਜ ਆਪ ਦੀ ਭਾਲ ਵਿਚ ਪਈ ਫਿਰਦੀ ਸੀ। ਇਸ ਲਈ ਗੁਰੂ ਜੀ ਨੇ ਏਥੋਂ ਅਗਾਂਹ ਚਲੇ ਜਾਣ ਦਾ ਫੈਸਲਾ ਕੀਤਾ।

ਮਾਛੀਵਾੜੇ ਵਿਚ ਦੋ ਪਠਾਣ ਭਰਾ ਰਹਿੰਦੇ ਸਨ। ਉਨ੍ਹਾਂ ਵਿਚੋਂ ਇਕ ਦਾ ਨਾਂ ਸੀ ਗਨੀ ਖਾਂ ਅਤੇ ਦੂਜੇ ਦਾ ਨਾਂ ਨਬੀ ਖਾਂ। ਉਹ ਦੋਵੇਂ ਭਰਾ ਕੁਛ ਸਮਾਂ ਸ੍ਰੀ ਦਸਮੇਸ਼ ਜੀ ਦੇ ਦਰਬਾਰ ਵਿਚ ਰਹੇ ਸਨ। ਉਹ ਗੁਰੂ ਜੀ ਦੇ ਪੱਕੇ ਪ੍ਰੇਮੀ ਸਨ। ਉਨ੍ਹਾਂ ਨੂੰ ਗੁਰੂ ਜੀ ਨਾਲ ਬੀਤੀ ਸਭ ਗੱਲ ਦਾ ਪਤਾ ਲੱਗਾ। ਉਹ ਬੜੇ ਦੁਖੀ ਹੋਏ । ਫੇਰ ਉਨ੍ਹਾਂ ਨੂੰ ਪਤਾ ਲੱਗਾ ਕਿ ਆਪ ਗੁਲਾਬੇ ਮਸੰਦ ਦੇ ਚੁਬਾਰੇ ਉਤਰੇ ਹੋਏ ਹਨ। ਉਨ੍ਹਾਂ ਨੂੰ ਇਹ ਵੀ ਸੂਹ ਮਿਲੀ ਕਿ ਸਰਹਿੰਦ ਦੇ ਨਵਾਬ ਦੀ ਫੌਜ ਆਪ ਜੀ ਦੀ ਭਾਲ ਵਿੱਚ ਇੱਧਰ ਆ ਰਹੀ ਹੈ। ਦੋਹਾਂ ਭਰਾਵਾਂ ਨੇ ਸਲਾਹ ਕੀਤੀ, ਗੁਰੂ ਜੀ ਸਖਤ ਖਤਰੇ ਵਿੱਚ ਹਨ। ਸਾਡਾ ਫਰਜ਼ ਹੈ ਕਿ ਆਪ ਨੂੰ ਇਸ ਖਤਰੇ ਵਿਚੋਂ ਸਹੀ ਸਲਾਮਤ ਕੱਢੀਏ ਤੇ ਖਤਰੇ ਤੋਂ ਬਾਹਰਲੀ ਕਿਸੇ ਥਾਂ ਪਹੁੰਚੀਏ। ਇਹ ਸੇਵਾ ਕਰਦਿਆਂ ਜੇ ਜਾਨਾਂ ਵੀ ਚਲੀਆਂ ਜਾਣ, ਤਾਂ ਕੋਈ ਗੱਲ ਨਹੀਂ। ਕੋਈ ਅਜਿਹਾ ਢੰਗ ਬਣਾਈਏ ਕਿ ਸੱਪ ਵੀ ਮਰ ਜਾਵੇ ਤੇ ਸੋਟਾ ਵੀ ਬਚਿਆ ਰਹੇ।

ਉਹ ਮਤਾ ਪੱਕਾ ਕੇ ਗੁਰੂ ਜੀ ਹਜ਼ੂਰ ਹਾਜਿਰ ਹੋਏ। ਉਨ੍ਹਾਂ ਦੀ ਸਲਾਹ ਮੰਨ ਕੇ ਗੁਰੂ ਜੀ ਨੇ ਨੀਲੇ ਕੱਪੜੇ ਪਹਿਨ ਲਏ ਅਤੇ ਕੇਸ ਪਿੱਛੇ ਨੂੰ ਸੁੱਟ ਲਏ। ਇਸ ਤਰ੍ਹਾਂ ਮੁਸਲਮਾਨ ਫਕੀਰਾਂ ਜਿਹਾ ਭੇਸ ਬਣਾ ਕੇ ਆਪ ਇੱਕ ਪਾਲਕੀ ਵਿਚ ਬਹਿ ਗਏ। ਗਨੀ ਖਾਂ, ਨਬੀ ਖਾਂ, ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਨੇ ਪਾਲਕੀ ਚੁੱਕੀ। ਭਾਈ ਦਇਆ ਸਿੰਘ ਪਿੱਛੇ ਪਿੱਛੇ ਚੌਰ ਕਰਦੇ ਗਏ। ਜੇ ਕੋਈ ਰਾਹ ਵਿੱਚ ਪੁੱਛਦਾ ਤਾਂ,

ਗਨੀ ਖਾਂ ਹੋਰੀਂ ਕਹਿ ਦਿੰਦੇ ਕਿ ਅਸੀਂ ਆਪਣੇ ਉੱਚ ਦੇ ਪੀਰ ਜੀ ਨੂੰ ਚੁੱਕ ਕੇ ਲਿਜਾ ਰਹੇ ਹਾਂ।

ਇਸ ਤਰ੍ਹਾਂ ਪੈਂਡਾ ਕਰਦਿਆਂ ਨੂੰ ਇਕ ਦਿਨ ਸਰਹਿੰਦ ਦੇ ਨਵਾਬ ਦੀ ਫੌਜ ਆ ਟੱਕਰੀ। ਪਾਲਕੀ ਰੋਕੀ ਗਈ। ਪਾਲਕੀ ਦੇ ਸਵਾਰ ਨੂੰ ਗਹੁ ਨਾਲ ਦੇਖਿਆ ਗਿਆ, ਪਰ ਕਿਸੇ ਅੱਗੇ ਗੁਰੂ ਜੀ ਨੂੰ ਢਿੱਠਾ ਨਹੀਂ ਸੀ ਹੋਇਆ। ਇਸ ਕਰਕੇ ਕੋਈ ਵੀ ਇਹ ਨਾ ਜਾਣ ਸਕਿਆ ਕਿ ਪਾਲਕੀ ਵਿੱਚ ਗੁਰੂ ਗੋਬਿੰਦ ਸਿੰਘ ਜੀ ਬੈਠੇ ਹਨ, ਜਿਨ੍ਹਾਂ ਦੀ ਉਹ ਭਾਲ ਕਰ ਰਹੇ ਹਨ।

ਫੌਜ ਦੇ ਸਰਦਾਰ ਨੇ ਪਾਲਕੀ ਚੁੱਕਣ ਵਾਲਿਆਂ ਤੋਂ ਪੁੱਛਿਆ, 'ਕਿ ਤੁਸੀਂ ਕਿਸ ਨੂੰ ਚੁੱਕੀ ਲਈ ਜਾ ਰਹੇ ਹੋ। ਗਨੀ ਖਾਂ ਤੇ ਨਬੀ ਖਾਂ ਨੇ ਝੱਟ ਉੱਤਰ ਦਿੱਤਾ, 'ਆਪਣੇ ਉੱਚ ਦੇ ਪੀਰ ਜੀ ਨੂੰ।' ਸਰਦਾਰ ਨੇ ਚੋਖੀ ਪੁੱਛ ਗਿੱਛ ਕੀਤੀ। ਉਸ ਨੇ ਪਠਾਣਾਂ ਨੂੰ ਪੈਰਾਂ ਤੋਂ ਕੱਢਣਾ ਚਾਹਿਆ, ਪਰ ਪਠਾਣ ਭਰਾ ਆਪਣੀ ਗੱਲ ਉਪਰ ਡੱਟੇ ਰਹੇ ਅਤੇ ਗੱਲ ਦਾ ਝੱਟ-ਪੱਟ ਉੱਤਰ ਦਈ ਗਏ।

ਫੇਰ ਵੀ ਸਰਦਾਰ ਦੀ ਪੂਰੀ-ਦੂਰੀ ਤਸੱਲੀ ਨਾ ਹੋਈ। ਉਸ ਨੇ ਚੰਗੀ ਤਰ੍ਹਾਂ ਨਿਰਣਾ ਕਰਨ ਦਾ ਫੈਸਲਾ ਕੀਤਾ। ਇਸ ਗਰਜ਼ ਵਿੱਚ ਉਸ ਨੇ ਸਲੋਹ ਵਾਲੇ ਕਾਜ਼ੀ ਪੀਰ ਮੁਹੰਮਦ ਨੂੰ ਸੱਦ ਭੇਜਿਆ। ਉਸ ਕਾਜ਼ੀ ਤੋਂ ਗੁਰੂ ਜੀ ਨੇ ਫਾਰਸੀ ਪੜ੍ਹੀ ਸੀ। ਇਸ ਲਈ ਉਹ ਗੁਰੂ ਜੀ ਨੂੰ ਚੰਗੀ ਤਰ੍ਹਾਂ ਪਛਾਣਦਾ ਸੀ। ਉਸ ਨੂੰ ਕਿਹਾ ਗਿਆ, 'ਕਿ ਚੰਗੀ ਤਰ੍ਹਾਂ ਵੇਖ ਕੇ ਦੱਸੋ ਕਿ ਪਾਲਕੀ ਵਿਚ ਕੌਣ ਹੈ?'

ਕਾਜ਼ੀ ਨੂੰ ਗੁਰੂ ਜੀ ਨਾਲ ਬੀਤੀ ਦਾ ਪੂਰਾ ਪੂਰਾ ਪਤਾ ਸੀ, ਉਹ ਝੱਟ ਤਾੜ ਗਿਆ। ਉਸ ਨੇ ਸੋਚਿਆ, 'ਗੁਰੂ ਜੀ ਨੂੰ ਇਸ ਔਕੜ ਵਿਚੋਂ ਕੱਢਣਾ ਚਾਹੀਦਾ ਹੈ।' ਇਹ ਸੋਚ ਕੇ ਉਸ ਨੇ ਫੌਜੀਆਂ ਨੂੰ ਕਿਹਾ, 'ਇਨ੍ਹਾਂ ਮਹਾਂਪੁਰਖਾਂ ਨੂੰ ਨਾ ਰੋਕੋ, ਇਹ ਸੱਚੇ ਸਾਈਂ ਪੁੱਜੇ ਹੋਏ ਫਕੀਰ ਹਨ।'

ਇਸ ਤਰ੍ਹਾਂ ਸਫਰ ਕਰਦੇ ਕਰਦੇ ਗੁਰੂ ਜੀ ਜ਼ਿਲਾ ਲੁਧਿਆਣਾ ਦੇ ਪਿੰਡ ਹੇਅਰ ਪੁੱਜੇ। ਇਥੇ ਮਹੰਤ ਕਿਰਪਾਲ ਦਾਸ ਨੇ ਆਪ ਦੀ ਸੇਵਾ ਕੀਤੀ। ਇਥੋਂ ਨਬੀ ਖਾਂ ਤੇ ਗਨੀ ਖਾਂ ਨੂੰ ਵਿਦਾ ਕੀਤਾ ਗਿਆ। ਆਪ ਨੇ ਉਹਨ੍ਹਾਂ ਨੂੰ ਸੋਨੇ ਦੇ ਕੜਿਆਂ ਦੀ ਜੋੜੀ ਦਿੱਤੀ ਅਤੇ ਇੱਕ ਹੁਕਮਨਾਮਾਂ ਲਿਖਾ ਕੇ ਸੰਗਤਾਂ ਦੇ ਨਾਂ ਦਿੱਤਾ। ਇਸ ਹੁਕਮਨਾਮੇ ਵਿੱਚ ਆਪ ਜੀ ਨੇ ਲਿਖਿਆ ਕਿ ਇਹ ਦੋਵੇਂ ਪਠਾਣ ਸਾਨੂੰ ਪੁੱਤਰਾਂ ਨਾਲੋਂ ਵੱਧ ਪਿਆਰੇ ਹਨ, ਹਰੇਕ ਸਿੱਖ ਇਹਨਾਂ ਦਾ ਆਦਰ ਮਾਨ ਕਰੇ। ਇੱਕ ਹੁਕਮਨਾਮਾ ਆਪ ਨੇ ਕਾਜ਼ੀ ਪੀਰ ਮੁਹੰਮਦ ਨੂੰ ਵੀ ਦਿੱਤਾ। ਇਸ ਵਿੱਚ ਆਪ ਨੇ ਉਸ ਦੀ ਕੀਤੀ ਸੇਵਾ ਸਹਾਇਤਾ ਦਾ ਜ਼ਿਕਰ ਕੀਤਾ ਅਤੇ ਸਿੱਖਾਂ ਨੂੰ ਹੁਕਮ ਕੀਤਾ ਕਿ ਉਸ ਦਾ ਆਦਰ ਮਾਨ ਕੀਤਾ ਜਾਵੇ। ਇਹ ਹੁਕਮਨਾਮੇ ਉਹਨਾਂ ਦੀ ਉਲਾਦ ਪਾਸ ਹਨ। ■

*ਧੰਨਵਾਦ ਸਹਿਤ – ਧਰਮ ਪੋਥੀ 6 (ਪ੍ਰਕਾਸ਼ਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)*

**ਮਾਤਾ ਗੁਜਰੀ ਸੁਖ ਨਿਵਾਸ**

(ਵਲੋਂ ਨਿਸ਼ਕਾਮ ਸਿੱਖ ਵੈਲਫੇਅਰ ਕੌਂਸਿਲ)

ਗਿੱਲ ਫਾਰਮ, ਪਿੰਡ ਖਾਨਪੁਰ, ਖਰੜ, ਰੋਪੜ – ਫੋਨ : 91845741, 91845730

ਏਥੇ 25 ਬਜ਼ੁਰਗਾਂ ਤੇ 25 ਅਨਾਥ ਜਾਂ ਗਰੀਬ ਬੱਚਿਆਂ ਦੀ ਸੇਵਾ ਸੰਭਾਲ ਦਾ ਪ੍ਰਬੰਧ ਬੜੇ ਸੁੱਚਜੇ ਤਰੀਕੇ ਨਾਲ ਕੀਤਾ ਗਿਆ ਹੈ ।

ਲੋੜਵੰਦ ਸਿੱਧੇ ਜਾਂ ਹੇਠ ਲਿਖੇ ਪਤੇ ਤੇ ਸੰਪਰਕ ਕਰੋ

ਸ. ਹਰੀ ਸਿੰਘ, 307, ਸੈਕਟਰ 35-ਏ,
ਚੰਡੀਗੜ੍ਹ ਫੋਨ : 601947

## ਅੰਮ੍ਰਿਤ ਕੀਤਰਨ ਦਾ ਚੰਦਾ ਭੇਜੋ ਜੀ

ਜੇ ਤੁਸੀਂ ਅਜੇ ਤਕ ਅੰਮ੍ਰਿਤ ਕੀਰਤਨ ਦਾ ਚੰਦਾ ਨਹੀਂ ਭੇਜਿਆ ਤਾਂ ਤੁਰੰਤ ਭੇਜਣ ਦੀ ਕਿਰਪਾ ਕਰੋ। ਆਪ ਦੀ ਮਾਇਕ ਸਹਾਇਤਾ ਨਾਲ ਹੀ ਇਹ ਮੈਗਜ਼ੀਨ ਨਿਰੰਤਰ ਅਤੇ ਨਿਰਵਿਘਨ ਜਾਰੀ ਰੱਖਿਆ ਜਾ ਸਕਦਾ ਹੈ। ਜੇ ਤੁਸੀਂ ਮੈਗਜ਼ੀਨ ਬੰਦ ਕਰਨਾ ਚਾਹੁੰਦੇ ਹੋ ਤਾਂ ਵੀ ਸਾਨੂੰ ਸੂਚਿਤ ਕਰਨ ਦੀ ਖੇਚਲ ਕਰੋ ਜੀ ।

ਸਾਡਾ ਵਿਰਸਾ ਸਾਡਾ ਗੌਰਵ
(ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ)
ਪਤਾ :- ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ - 141 002

ਅਨੋਖਾ ਵਪਾਰ

ਬਹੁਤ ਥੋੜੀ ਪੂੰਜੀ ਲਾ ਕੇ
ਸੁਪਨੇ ਸਾਕਾਰ ਕਰਨ ਹਿਤ
ਚਿੰਤਾ ਰਹਿਤ, ਉਲਝਣ ਰਹਿਤ
ਸੱਚਾ ਤੇ ਸੁੱਚਾ ਬਿਜ਼ਨਿਸ ਸ਼ੁਰੂ ਕਰੋ।
ਮਿਹਨਤੀਆਂ ਲਈ ਮੁਨਾਫਾ ਯਕੀਨੀ।
ਚਾਹਵਾਨ ਚਿੱਠੀ ਰਾਹੀਂ ਸੰਪਰਕ ਕਰਨ।

ਸੁਹਿਰਦ ਐਸੋਸੀਏਟਸ

ਪੋਸਟ ਬਾਕਸ ਨੰ: 0710 ਅੰਮ੍ਰਿਤ ਕੀਰਤਨ, 422, ਸੈਕਟਰ 15-ਏ, ਚੰਡੀਗੜ੍ਹ - 160 015
ਪਤਾ ਲਿਖਿਆ ਲਿਫਾਫਾ ਡਾਕ ਟਿਕਟ ਲਗਾਕੇ ਭੇਜੋ ਜੀ।

EXQUISITE
Multicuisine Meals at **Hot millions**

*Salad Bar & Restaurants*



Serving Indian, Chinese, Continental & Italian Food
with a regular Indian & Salad Buffet

Special Arrangements for Birthday & Kitty parties
& Exciting Gifts too.

FOR HOME DELIVERY CALL CHD 713232,721844,721287 PKL 569156,581619

# Young Generation And Sikhism

**Sujan Singh***

Sikhs are spread all over India and abroad. They are popular because their way of life is according to Sikhism. The important problem which the Community is now facing is that young generation have no knowledge of Sikhism and *Rehat Maryada.* With present day social life, some young Sikh Boys and Girls go astray and marry non-Sikhs. Some of them shave and wear Cap or Patka. All this is happening because young generation do not have training of their religion at proper time. Sant Gurbaksh Singh of Jabowal Amritsar used to say that first five years the child is infant and needs no training. From five years to fifteen years of age is proper period of education and training in religion and other subjects which are likely to be useful during the life of the child under training. After the age of fifteen the child should be treated as friend.

It has been observed that whatever the child learns upto the age of fifteen years goes deep in his mind and forms strong conviction. Those ideas continue all his life. In a very rare case there is any change. That is why it is said that after fifteen years he should be treated as a friend.

The question arises how young generation should be given training of Sikhism at proper time. The following suggestions have been made in this regard:

1. It is duty of parents that the child is brought up all round. If he does not know Punjabi they should engage a part-time teacher to teach Punjabi.

He should be explained about Sikhism and its main principals. He should start living like a Sikh with Turban and five *Kakkars* and *Nit-Nem* starting from *Amrit-Vela.* If his School course does not include Moral Science or character building, he should be trained for that.

2. In good old days every Gurdwara had Kindergarden School. The subject included Punjabi and Sikhism. Some Gurdwara had High School.It is suggested that every Gurdwara must have a School upto the class they can manage and must have Punjabi and Sikhism a subject in addition to the course prescribed by Education Board.

3. All Schools in Punjab including Government Schools and Schools of different communities should have Punjabi as one subject.

4. All Khalsa Schools where ever they are situated must have Punjabi and Sikhism a subject in addition to the course prescribed by the Education Department concerned.

5. Preachers and Head Granthies of Gurdwaras should be highly qualified with Master Digree in Sikhism. They should be highly paid. They are the people who can satisfy young generation these days. Although Gurdwaras can afford to pay high salary to Head Granthies but they do not come forward. To start with S.G.P.C. or someother Sikh Association should come forward and look after Head Granthies and Preachers for sometime till this scheme becomes popular and once this operates there will be high demand from India and abroad. ■

* 67, Kailash Apartment, Lala Lajpat Rai Marg, New Delhi 110 048

# THE HEALING POWER OF MUSIC

**Laika Jain**

For many months, Kavita Narayan has been trying to fight recurring bouts of anger, depression, anxiety, insomnia and sweating, before enlisting herself in an anti-stress programme of her company. She has diagnosed as suffering from anxiety neurosis.

Extensive tests and exercises, however, failed to yield any result. A senior television producer, she did lead a stressful life. And then, someone suggested she listen to compositions in flute every evening. In less than a fortnight, Kavita found herself fighting fit!

"The symptoms just vanished." she exclaims - "And it is not though I love listening to flute. I was brought up on western pop and Hindi film songs. But the moment I play a record of flute recital, I can feel my nerves and then it`s a state of bliss!"

The music heals, is a well known fact. Only, there has been no scientific research conducted on the subject so far. It is only now that maestro like M. Balamuralikrishna, Kunnaikudi Vaidyanathan and Ganapathi Sachidananda Swamy are concentrating on music therapy.

Swamy, for instance, has identified 72,000 nerves and 14 important modes that play a vital part in healing problems ranging from palpitating hearts to alcoholism. He himself plays a Roland synthesiser to demonstrate the effect of this therapy on patients.

Then there is bio-physicist-turned-music therapist Srirama Bharathi who practises a unique form of "sound and herbal therapy" in which a patient has to simultaneously view a picture of a Hindu deity, eat a herbal paste and listen to a particular raga played on the music system.

"We have found that ragas like Anandabhairavi helps relieve hypertension whereas Shankarabharnam is useful to the mentally ill." informs Kunnaikudi Vaidyanathan, director of the Raga Research Centre in Chennai where musicians match their scores with trained physiotherapist.

"Kalpesh Sidhva, who practices in Bombay adds - "Even the Bible mentions the use of music in treating illness, where David plays to Saul. The oldest English text Medicine Musica, concerning music and medicine, was written by physician Richard Browne in 1729."

Sidhva is, as he describes himself, a trained sitarist by choice and healer by accident. "I practised on my sitar at home as a child." he narrates - "Once my grandmother came over on a holiday and stayed with us. She was suffering from what was supposed to be an incurable asthmatic condition. One of her lungs had collapsed and the other one was fast deteriorating. Doctors had given her six weeks to survive. But in our house, listening to my sitar, she lived for another 11 years!"

He points out that music maestros in India had done wonders where medical science had failed. Muthuswamy Dikshitar, for instance, had written the Navagraha

Kirtis to cure stomach ache. Shyama Sastry's composition, Duru Sugu, uses music to pray for good health. "Why Thyagaraja is said to brought a dead person back to life with his Bilahri Raga composition, Naa Jeeva Dhara." says Sidhva - "But then, it is important to draw a line between music healing and spiritual healing. Music has nothing to do with religion or faith."

Healers suggest that even if the patient is tone deaf and is incapable of singing or playing a musical instrument,a half-hearted attempt to do so can have curative effects. "Composing music helps people to express their feelings and understands their fears." says M. Balamuralikrishna.

"Singing helps overcome speech impediments, improve articulation, rhythm and breath control. Playing instruments helps motor co-ordination. Rhythm helps improve co-ordination, balance and relaxes the muscles. Listening to music evokes memories and relaxes the mind."

"The main aim of music therapy is to restore, maintain and improve emotional, physical, physiological and spiritual health of individuals." eleborated Dr. B. N. Manjula of National Institute of Mental Health and Neuro Sciences, - "The Maharastra police has adopted this programme."

The only problem though is that unlike mainstream medical systems, nobody can prescribe a certain music for a particular ailment, mainly because the experience would differ from one individual to another. This makes the therapy a lesser science.

"You have to be your own researcher and the therapist can only assist you at discovering your comfort level." explains Sidhva - "Besides, remember that not all sound forms are beneficial. A wrong diagnosis can aggravate your condition."

He warns that the music therapist has to be particularly careful while treating people with mental and physical handicaps, blood pressure problems, sensory impairments and children with learning disabilities and emotional disturbances. ■

**(MF) Courtesy: The Tribune**

ਜੇ ਤੁਹਾਨੂੰ **ਅੰਮ੍ਰਿਤ ਕੀਰਤਨ** ਚੰਗਾ ਲਗਦਾ ਹੈ ਤਾਂ ਇਸ ਦੇ ਹੋਰ ਮੈਂਬਰ ਬਣਾਓ,
ਨਹੀਂ ਤਾਂ ਇਸ ਨੂੰ ਹੋਰ ਚੰਗੇਰਾ ਬਣਾਉਣ ਲਈ ਸੁਝਾਅ ਭੇਜੋ।

With best compliments

TECK TOOLS
LIMITED

**Head Office** : K. No. : 140, Phase II, S.A.S. Nagar (Mohali) 160 055 Phone : 0172-675492
**Works** : Vill. Chanalon, P.O. Kurali 140 103, Distt. Ropar (Pb.) Phone : 01888-32296, 32335

**J.S. SALUJA**
Managing Director

# Kirtan.... a Wondrous Lifeline

**Charnajit Rimi Sobti***

Life's elixir, the *shabad kirtan* performed by the *kirtankaars* at Harmandir Sahib is a unique feature of Sikh Religion. This sublime recitation of *Gurbani* in the form of *raagas* is the main attraction of this sanctorum. *Kirtan* starts in the wee hours of the morning, or what is called the "*Amritvela*" in religious paralance, and it continues till late night.The *kirtankaars* are perhaps not aware of the kind of spiritual sustenance they are providing to all those who savour the *bhakti sangeet* or *Gurbani* recitation. The "*Hazoori Raagis*" is the term used for the *kirtankaars* who perform while they are present right inside the Harmandir Sahib. Jalandhar radio has been relaying live *shabad kirtan* straight from Harmandir Sahib and has been fulfilling the spritual hunger of people living far and wide. This one and a half hour programme begins with the words "*Sun vadbhagiyaa, har Amrit Bani Ram*" which when translated into English means that those who savour the nectar of *Gurbani* are the luckiest people. The *kirtan* of the most celebrated *kirtankaars* is readily available in the form of cassettes.

Guru Granth Sahib has thirtyone prescribed *raags*, but few *kirtankaars* sing in classical tradition of *Gurmat Sangeet*, yet many have such intensity in their voice that they can move one to tears. It is not only the voice that has the magic but the truth and beauty of the *bani*, coupled with a melodious voice that make the rendition all the more sublime.The repetition of the *Shlokas* for instance : "T*ere Bharose Aayeya, Kirpa Aayeya, Jeo Bhave Teo Rakho Swami*", have the capacity to involve the audience and, once the words become familiar, audiance also get involved in singing along with the *Raagi Singh.*This is the time when the height of ecstasy is experinced both by the singer and the *sangat*.One actually feels the upliftment of the soul, lighter in mind and purer in heart. Music, especially the religious music, definitly has the ability to purge and purify. The beautiful *Gurbani* in the lines : "*soi karave, jo tud bhaave, mohe syanap kachhu naa aave, mera maat pita har raiya*", shows the total surrender one exhibits while in presence of the Almighty.

In the Gurdwara, people are seen sitting totally engrossed, with their eyes closed, trying to experience the exhilaration of soul. At home people are seen holding their transistors next to their ears in bid to grasp the deeper meaning and rhythem. It is life-line for old people who cannot go to the Gurdwaras daily but have access to it through the radio. "*Tu mera pita, Tu hain mera mata, Tu mera bandhap, Tu mera bhrata, Tu mera Rakha sabni thhain, Ta bhoau keha kara jeeyo*" -this beautiful couplet articulates a devotee's total faith in Almighty. The entire *Gurbani* is a repertoire of ultimate truths and practical wisdom. Mortal being's incapacity to do things on his own and his all-time dependence on God for all kind of sustenance is shown in the lines : "*Hum bheekhak bhekhari tere, Tu nij pat hai daata hum deen tum jug jug daata*", or "*Hum sar deen dayaal na tum sar, ab patyaar kaya keeje*". Gurbani is replete with adoration and love of the Almighty, e.g. "*Hum moorakh Tum chatur syane, sarab kala ke gyata*" and "*Teene tap niwaranhara, Dukh hanta sukh rass*".

Nature's beauteous seasons are discussed in it time and again. There are *shabads* which announce the advent of "*basant ritu*" and "*saawan*", in exalting spiritual poetry. In today's world, it is very hard to experience the solace, serenity and comfort that kirtan has the ability to give. ■

Curtsey Sikh Review

* 25 Brahm Nagar, Lawrence Road, Amritsar 143 001

## ਪੁਸਤਕ ਸਮੀਖਿਆ

ਸਮੀਖਿਆਕਾਰ - ਡਾ. ਹਰਨੇਕ ਸਿੰਘ ਕਲੇਰ*

**ਪੁਸਤਕ ਦਾ ਨਾਮ - ਏ ਮਨ ਮੇਰਿਆ** **ਲੇਖਕ - ਪ੍ਰਿੰਸੀਪਲ ਸਾਵਨ ਸਿੰਘ**

ਪ੍ਰਕਾਸ਼ਕ - ਤਰਲੋਚਨ ਸਿੰਘ ਫਿਟ ਰਾਈਟ ਆਟੋ ਸਪੇਅਰਜ਼, 1335 ਪ੍ਰੀਤਨਗਰ,
ਨੇੜੇ ਬੈਂਕ ਆਫ ਮਹਾਰਾਸ਼ਟਰਾ, ਲੁਧਿਆਣਾ - 141 003 ਫੋਨ : 531472
ਮੁੱਲ : ਲੋੜਵੰਦ ਦੀ ਸਹਾਇਤਾ

ਸਿੱਖ ਧਰਮ ਵਿੱਚ 'ਸ੍ਰੀ ਗੁਰੂ ਗਰੰਥ ਸਾਹਿਬ ਜੀ' ਨੂੰ 'ਗੁਰੂ' ਦੀ ਪਦਵੀ ਪ੍ਰਾਪਤ ਹੈ। 'ਗੁਰੂ' ਨੂੰ ਗਿਆਨ ਦਾ ਭੰਡਾਰ ਮੰਨਿਆ ਜਾਂਦਾ ਹੈ। ਸ੍ਰੀ ਗੁਰੂ ਗਰੰਥ ਸਾਹਿਬ ਗਿਆਨ ਦਾ ਅਨੰਤ ਸੋਮਾ ਹਨ। ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਦਰਜ 'ਬਾਣੀ' ਮਾਨਵ ਜੀਵਨ ਦਾ ਪਥ ਪ੍ਰਦਰਸ਼ਨ ਕਰਦੀ ਹੈ। ਗੁਰਬਾਣੀ ਮਾਨਵ ਨੂੰ "ਗੁਰਮੁਖ" ਜੀਵਨ ਜਿਉਣ ਦਾ ਉਪਦੇਸ਼ ਦਿੰਦੀ ਹੈ। 'ਗੁਰਬਾਣੀ' ਮਾਨਵ ਨੂੰ ਜੀਵਨ-ਮੋਕਸ਼ ਦਾ ਮਾਰਗ ਦਰਸਾਉਂਦੀ ਹੈ। 'ਗੁਰਬਾਣੀ' ਦਸਦੀ ਹੈ ਕਿ 'ਮਨ ਚੰਚਲ ਹੈ।' ਸੱਚ ਦੇ ਮਾਰਗ ਉੱਤੇ ਚਲਣ ਲਈ ਮਨ ਨੂੰ ਗੁਰਬਾਣੀ ਨਾਲ ਜੋੜਨਾ ਪੈਂਦਾ ਹੈ। 'ਗੁਰਬਾਣੀ ਅੰਮ੍ਰਿਤ' ਹੈ। ਸ੍ਰੀ ਗੁਰੂ ਗਰੰਥ ਸਾਹਿਬ ਵਿੱਚ 'ਮਨ' ਬਾਰੇ ਵਿਸਥਾਰ ਸਹਿਤ ਚਰਚਾ ਹੈ। ਪੁਸਤਕ 'ਏ ਮਨ ਮੇਰਿਆ' ਲਿਖਿਤ ਸਾਵਣ ਸਿੰਘ ਦਾ ਵਿਸ਼ਾ 'ਮਨ' ਹੈ।

ਸਾਵਣ ਸਿੰਘ ਗੁਰਬਾਣੀ ਦੇ ਰਸੀਆ ਹਨ। ਉਹ ਗੁਰਬਾਣੀ ਨੂੰ ਮਾਨਵ ਜੀਵਨ ਦਾ 'ਓਟ' ਆਸਰਾ ਮੰਨਦੇ ਹਨ। ਇਸ ਲਈ ਉਹਨਾਂ ਨੇ ਗੁਰਬਾਣੀ ਨੂੰ ਸਰਲ ਢੰਗ ਨਾਲ ਮਾਨਵ ਜੀਵਨ ਦੇ ਪਥ-ਪ੍ਰਦਰਸ਼ਨ ਹਿਤ ਪੁਸਤਕ ਰੂਪ ਵਿਚ ਪੇਸ਼ ਕੀਤਾ ਹੈ। ਅਧਿਐਨ ਹਿਤ ਪੁਸਤਕ ਤੋਂ ਪਹਿਲਾਂ ਸਾਵਣ ਸਿੰਘ ਜੀ ਨੇ 'ਜਪੁ ਜੀ' ਸਾਹਿਬ ਵਿੱਚ ਆਈ ਪ੍ਰਸ਼ਨੋਤਰੀ ਦੀ ਵਿਆਖਿਆ 'ਕਿਵ ਸੁਚਿਆਰਾ ਹੋਈਐ' ਪੁਸਤਕ ਦੀ ਰਚਨਾ ਕਰਕੇ ਗੁਰਮਤਿ ਆਸ਼ੇ ਨਾਲ ਜੁੜੇ ਪਾਠਕਾਂ ਨਾਲ ਡੂੰਘੀ ਸਾਂਝ ਬਣਾ ਲਈ ਹੈ। ਇਸ ਲੜੀ ਵਿੱਚ ਲੇਖਕ ਦੀ ਦੂਸਰੀ ਪੁਸਤਕ 'ਏ ਮਨ ਮੇਰਿਆ' ਪਾਠਕਾਂ ਦੀ ਭੇਟ ਹੈ।

ਪੁਸਤਕ 'ਏ ਮਨ ਮੇਰਿਆ' ਵਿੱਚ ਸਾਵਣ ਸਿੰਘ ਜੀ ਨੇ ਸ੍ਰੀ ਗੁਰੂ ਗਰੰਥ ਸਾਹਿਬ ਵਿੱਚੋਂ ਪੰਜ ਸੌ ਸ਼ਬਦਾਂ ਦੀਆਂ ਉਹ ਤੁਕਾਂ ਪੇਸ਼ ਕੀਤੀਆਂ ਹਨ ਜਿਨ੍ਹਾਂ ਵਿੱਚ 'ਮਨ' ਨੂੰ ਸੰਬੋਧਨ ਹੈ। 'ਗੁਰਬਾਣੀ' 'ਮਨ' ਨੂੰ ਨਾਮ ਭਗਤੀ ਨਾਲ ਜੁੜਨ ਦਾ ਉਪਦੇਸ਼ ਕਰਦੀ ਹੈ। 'ਗੁਰਬਾਣੀ' ਸਪੱਸ਼ਟ ਕਰਦੀ ਹੈ ਕਿ 'ਮਨ' ਚੰਚਲ ਹੈ। 'ਮਨ' ਮੂਰਖ ਹੈ। 'ਮਨ' ਨਿਆਣਾ ਹੈ। 'ਮਨ' ਲੋਭੀ ਹੈ। 'ਮਨ' ਹਉਮੈ ਨਾਲ ਭਰਿਆ ਹੋਇਆ ਹੈ। ਉਦਾਹਰਣ ਮਾਤਰ ਦੇਖੋ :-

*ਏ ਮਨ ਚੰਚਲਾ ਚਤੁਰਾਈ ਕਿਨੈ ਨਾ ਪਾਇਆ ॥*
*ਚਤਰਾਈ ਨ ਪਾਇਆ ਕਿਨੈ ਤੂੰ ਸੁਣਿ ਮਨ ਮੇਰਿਆ ॥*

ਸ੍ਰੀ ਗੁਰੂ ਗਰੰਥ ਸਾਹਿਬ ਪੰਨਾਂ : ੯੧੮

*ਮੂਰਖ ਮਨ ਕਾਹੇ ਕਰਸਹਿ ਮਾਣਾ॥*
*ਉਠਿ ਚਲਣਾ ਖਸਮੈ ਭਾਣਾ॥ ਰਹਾਉ॥*

ਸ੍ਰੀ ਗੁਰੂ ਗਰੰਥ ਸਾਹਿਬ ਪੰਨਾ : ੯੯੯

*ਮਨ ਏਕੁ ਨ ਚੇਤਸਿ ਮੂੜ ਮਨਾ॥*
*ਹਰਿ ਬਿਸਰਤ ਤੇਰੇ ਗੁਣ ਗਲਿਆ ॥ ਰਹਾਉ॥*

ਸ੍ਰੀ ਗੁਰੂ ਗਰੰਥ ਸਾਹਿਬ ਪੰਨਾ : ੧੨

*ਘਰ ਰਹੁ ਰੇ ਮਨ ਮੁਗਧ ਇਆਨੇ॥*
*ਰਾਮੁ ਜਪਹੁ ਅੰਤਰਗਤਿ ਧਿਆਨੇ॥*

ਸ੍ਰੀ ਗੁਰੂ ਗਰੰਥ ਸਾਹਿਬ ਪੰਨਾ : ੧੦੩੦

*ਰੇ ਮਨ ਲੋਭੀ ਸੁਣਿ ਮਨ ਮੇਰੇ॥*
*ਸਤਿਗੁਰ ਸੇਵਿ ਦਿਨ ਰਾਤ ਸਦੇਰੇ॥*

ਸ੍ਰੀ ਗੁਰੂ ਗਰੰਥ ਸਾਹਿਬ ਪੰਨਾ : ੧੦੭੩

ਮਨ ਰੇ ਹਉਮੈ ਮੋਹੁ ਦੁਖੁ ਭਾਰੀ॥
*ਇਹੁ ਭਵਜਲੁ ਜਗਤ ਨਾ ਜਾਈ ਤਰਣਾ*
*ਗੁਰਮੁਖਿ ਤਰੁ ਹਰਿ ਤਾਰੀ॥ ਰਹਾਉ॥*

ਸ੍ਰੀ ਗੁਰੂ ਗਰੰਥ ਸਾਹਿਬ ਪੰਨਾ : ੧੨੬੦

ਇਉਂ ਗੁਰੂ ਸਾਹਿਬਾਨ ਨੇ ਸ੍ਰੀ ਗੁਰੂ ਗਰੰਥ ਸਾਹਿਬ ਵਿੱਚ 'ਮਨ' ਦੀ ਸਥਿਤੀ ਨੂੰ ਭਾਵਪੂਰਤ ਢੰਗ ਨਾਲ ਸਪਸ਼ਟ ਕੀਤਾ ਹੈ। ਗੁਰੂ ਸਾਹਿਬਾਨ ਉਪਦੇਸ਼ ਕਰਦੇ ਹਨ ਕਿ ਅਜਿਹੀ ਭਟਕਣ ਦੀ ਸਥਿਤੀ ਵਿੱਚ ਵਿਚਰਦਾ 'ਮਨ' ਭਵਜਲ ਤੋਂ ਪਾਰ ਨਹੀਂ ਹੋ ਸਕਦਾ। ਮੋਕਸ਼ ਦੀ ਪ੍ਰਾਪਤੀ ਨਹੀਂ ਕਰ ਸਕਦਾ। ਸ੍ਰੀ ਗੁਰੂ ਗਰੰਥ ਸਾਹਿਬ ਵਿੱਚ 'ਮਨ' ਨੂੰ ਸੰਬੋਧਨ ਕੀਤੀਆਂ ਇਹਨਾਂ ਤੁਕਾਂ ਵਿੱਚ 'ਜੀਵਾਤਮਾ' ਨੂੰ 'ਪਰਮੇਸ਼ਰ' ਦੀ ਭਗਤੀ ਵਿੱਚ ਜੁੜਨ ਦਾ ਉਪਦੇਸ਼ ਹੈ। ਇਹ ਇਸ ਧਰਤੀ ਉੱਤੇ ਭਟਕ ਰਹੇ ਸੰਸਾਰੀ ਜੀਵਾਂ ਨੂੰ ਸਹਿਜ ਅਵਸਥਾ ਧਾਰਨ ਕਰਨ ਦਾ ਸਹਿਲ ਮਾਰਗ ਹੈ। ਲੇਖਕ ਵਲੋਂ ਗੁਰਬਾਣੀ ਪ੍ਰੇਮੀਆਂ ਦੇ ਭਲੇ ਲਈ ਇਹ 'ਮਹਾਂਕਾਵ' ਸਰਲ ਅਰਥ ਤੇ ਵਿਆਖਿਆ ਸਹਿਤ ਸੰਗ੍ਰਹਿ ਕਰਨਾ ਇੱਕ ਮਹੱਤਵਪੂਰਨ ਕਾਰਜ ਹੈ। ਇਸ ਪ੍ਰਸੰਗ ਵਿੱਚ ਹੀ ਸ੍ਰੀ ਗੁਰੂ ਨਾਨਕ ਦੇਵ ਜੀ 'ਜੀਵਾਤਮਾ' ਨੂੰ ਉਪਦੇਸ਼ ਕਰਦੇ ਹਨ 'ਮਨ ਜੀਤੈ ਜਗਜੀਤ'। ■

* 1857/3, ਫੇਜ਼-10, ਮੁਹਾਲੀ (ਰੋਪੜ)

## ਕੈਸਟ ਸਮੀਖਿਆ

ਸਮੀਖਿਆਕਾਰ - ਭਾਈ ਅਵਤਾਰ ਸਿੰਘ ਹੰਸ, ਗੁ: ਸਾਹਿਬ ਨਾਨਕ ਪੁਰਾ, ਸੰਗਰੂਰ

**ਕੈਸਟ ਦਾ ਨਾਮ - ਰਾਗ ਨਾਦ ਸ਼ਬਦ ਸੋਹਣੇ Vol :-8**

**ਰਾਗੀ - ਭਾਈ ਨਿਰਮਲ ਸਿੰਘ ਜੀ ਖਾਲਸਾ**

(ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ)

ਟੀ. ਸੀਰੀਜ਼ ਵਲੋਂ ਭਾਈ ਨਿਰਮਲ ਸਿੰਘ ਜੀ ਦੀ ਮਧੁਰ ਆਵਾਜ਼ ਵਿੱਚ ਇੱਕ ਨਿਵੇਕਲੀ ਕੈਸਟ ਤਿਆਰ ਕੀਤੀ ਹੈ। ਇਸ ਕੈਸਟ ਵਿਚ ਭਾਈ ਸਾਹਿਬ ਨੇ ਸਾਰੇ ਸ਼ਬਦ ਹੀ ਨਿਰਾਧਾਰਤ ਰਾਗਾਂ ਵਿਚ ਗਾਏ ਹਨ। ਇਹ ਟੀ ਸੀਰੀਜ਼ ਕੰਪਨੀ ਦਾ ਅਤੇ ਭਾਈ ਨਿਰਮਲ ਸਿੰਘ ਦਾ ਸ਼ਲਾਘਾਯੋਗ ਉੱਦਮ ਹੈ।

ਇਸ ਕੈਸਟ ਦੇ 'ਏ' ਸਾਈਡ ਤੇ ਪਹਿਲਾ ਸ਼ਬਦ "ਜਪਿ ਗੋਬਿੰਦ ਗੋਪਾਲ ਲਾਲ" ਰਾਮਕਲੀ ਰਾਗ ਵਿੱਚ ਗਾਇਨ ਕੀਤਾ ਹੈ। ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਅੰਗ ੮੮੫ 'ਤੇ ਅੰਕਿਤ ਹੈ। ਇਹ ਇੱਕ ਤਾਲ ਵਿੱਚ ਨਿਬੱਧ ਹੈ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚਨਾ ਵਿਚੋਂ ਹੈ।

ਦੂਸਰਾ ਸ਼ਬਦ ਹੈ 'ਮਉਲੀ ਧਰਤੀ ਮਉਲਿਆ ਆਕਾਸ਼' । ਇਹ ਸ਼ਬਦ ਬਸੰਤ ਕਬੀਰ ਜੀ ਸਿਰਲੇਖ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ੧੧੯੩ ਅੰਗ 'ਤੇ ਅੰਕਿਤ ਹੈ। ਤਾਲ ਦੀਪਚੰਦੀ ਅਤੇ ਤਿੰਨ ਤਾਲ ਵਿੱਚ ਨਿਬੱਧ ਹੈ। ਪੁਰਾਤਨ ਬੰਦਸ਼ ਹੈ। ਇਸ ਦਾ ਬਹੁਤ ਵਧੀਆ ਗਾਇਨ ਕੀਤਾ ਹੈ।

ਕੈਸਟ ਦੇ 'ਬੀ' ਸਾਈਡ ਤੇ ਪਹਿਲਾ ਸ਼ਬਦ ਰਾਗ ਤੁਖਾਰੀ ਵਿੱਚ ਗਾਇਆ ਹੈ 'ਘੋਲ ਘੁਮਾਈ ਲਾਲਨਾ'। ਇਹ ਪਾਵਨ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ੧੧੧੭ ਅੰਗ 'ਤੇ ਦਰਜ ਹੈ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚਨਾ ਹੈ। ਇਹ ਸ਼ਬਦ ਝੱਪਤਾਲ ਅਤੇ ਤਿੰਨ ਤਾਲ ਵਿੱਚ ਨਿਬੱਧ ਕੀਤਾ ਹੈ। ਕੈਸਟ ਦਾ ਅਖੀਰਲਾ ਸ਼ਬਦ ਹੈ 'ਬਰਸ ਮੇਘ ਜੀ ਤਿਲ ਬਿਲਮੁ ਨਾ ਲਾਵਉ' । ਇਹ ਸ਼ਬਦ ਰਾਗ ਮਲਾਰ ਅਧੀਨ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚਨਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਅੰਗ ੧੨੬੭-੬੮ ਤੇ ਅੰਕਿਤ ਹੈ। ਇਹ ਸ਼ਬਦ ਤਿੰਨ ਤਾਲ ਵਿੱਚ ਨਿਬੱਧ ਹੈ। ਇਸ ਸ਼ਬਦ ਦਾ ਗਾਇਨ ਭਾਈ ਸਾਹਿਬ ਜੀ ਨੇ ਸੁੰਦਰ ਢੰਗ ਨਾਲ ਕੀਤਾ ਹੈ। ਬਾਰਬਾਰ ਸੁਨਣ ਨੂੰ ਦਿਲ ਕਰਦਾ ਹੈ। ਇਸ ਤਰ੍ਹਾਂ ਸਾਰੀ ਕੈਸਟ ਕਾਬਿਲੇ ਤਾਰੀਫ ਹੈ। ਸਾਂਭਣ ਯੋਗ ਹੈ । ਅੰਤ ਵਿੱਚ ਪੰਥ ਦੇ ਪ੍ਰਸਿੱਧ ਰਾਗੀ ਸਿੰਘਾਂ ਨੂੰ ਬੇਨਤੀ ਕਰਦੇ ਹਾਂ, ਉਹ ਵੀ ਭਾਈ ਨਿਰਮਲ ਸਿੰਘ ਜੀ ਵਾਂਗ ਉੱਦਮ ਕਰਨ ਤਾਂ ਜੋ ਸੰਗਤਾਂ ਵਿੱਚ ਸ਼ੁੱਧ ਗੁਰਬਾਣੀ ਕੀਰਤਨ ਸੁਨਣ ਦੀ ਰੁਚੀ ਪੈਦਾ ਹੋਵੇ। ਖਾਸ ਤੌਰ ਤੇ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਜੱਥਿਆਂ ਨੂੰ ਇਸ ਪਾਸੇ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ।

ਉਹ ਨਿਰਧਾਰਤ ਰਾਗਾਂ ਵਿੱਚ ਸੁੰਦਰ ਸੁੰਦਰ ਬੰਦਸ਼ਾਂ ਤਿਆਰ ਕਰਕੇ ਕੈਸਟਾਂ ਰਾਹੀਂ ਸੰਗਤਾਂ ਤੱਕ ਪੰਹੁਚਾਉਣ। ਕੈਸਟਾਂ ਦੀ ਗਿਣਤੀ ਵਧਾਉਣ ਦੀ ਥਾਂ ਭਾਵੇਂ ਦੋ ਚਾਰ ਕੈਸਟਾਂ ਹੀ ਹੋਣ ਉਚ ਮਿਆਰੀ ਕੀਰਤਨ ਹੋਵੇ, ਤਾਂ ਹੀ ਆਪਣੇ ਅਮੀਰ ਵਿਰਸੇ ਨੂੰ ਸੰਭਾਲ ਸਕਦੇ ਹਾਂ। ਸੰਤ ਬਾਬਾ ਸੁੱਚਾ ਸਿੰਘ ਜੀ ਜਵੱਦੀ ਕਲਾਂ ਵਾਲੇ ਗੁਰਮਤਿ ਸੰਗੀਤ ਦੇ ਵਿਰਸੇ ਨੂੰ ਸਾਂਭਣ ਲਈ ਬਹੁਤ ਵਧੀਆ ਉੱਦਮ ਕਰ ਰਹੇ ਹਨ।

ਭਾਈ ਬਲਬੀਰ ਸਿੰਘ ਜੀ, ਭਾਈ ਅਵਤਾਰ ਸਿੰਘ ਦਿੱਲੀ ਵਾਲੇ, ਭਾਈ ਦਿਲਬਾਗ ਸਿੰਘ, ਪ੍ਰੋ. ਕਰਤਾਰ ਸਿੰਘ, ਪ੍ਰੋ. ਪਰਮਜੋਤ ਸਿੰਘ ਮੁੱਲਾਂਪੁਰ, ਡਾ. ਜਗੀਰ ਸਿੰਘ ਜੀ, ਡਾ. ਗੁਰਨਾਮ ਸਿੰਘ, ਭਾਈ ਜਸਬੀਰ ਸਿੰਘ ਪਾਉਂਟੇ ਵਾਲੇ, ਭਾਈ ਨਰਿੰਦਰ ਸਿੰਘ ਬਨਾਰਸ ਵਾਲੇ, ਭਾਈ ਬਲਜੀਤ ਸਿੰਘ ਨਾਮਧਾਰੀ ਆਦਿ ਕੀਰਤਨੀਏ ਗੁਰਬਾਣੀ ਕੀਰਤਨ ਦੀ ਪੁਰਾਤਨ ਸ਼ੈਲੀ ਅਨੁਸਾਰ ਕੀਰਤਨ ਕਰਨ ਦੀ ਯੋਗਤਾ ਰੱਖਦੇ ਹਨ। ਸਾਨੂੰ ਇਹਨਾਂ ਗੁਣੀਜਨ ਕੀਰਤਨੀਆਂ ਦਾ ਮਾਣ ਸਤਿਕਾਰ ਕਰਨਾ ਚਾਹੀਦਾ ਹੈ ਤਾਂ ਕਿ ਉਹਨਾਂ ਨੂੰ ਉਤਸ਼ਾਹ ਮਿਲਦਾ ਰਹੇ। ■


ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

"ਗੁਰਸਿੱਖ ਸੰਜੋਗ" (ਪੰਦਰਾ-ਰੋਜ਼ਾ ਪੱਤਰ)

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ, ਪੂਸਾ ਰੋਡ

ਨਵੀਂ ਦਿੱਲੀ - 110 060 ਫੋਨ : 5735955



ਅੰਮ੍ਰਿਤ ਕੀਰਤਨ ਦੇ ਪੁਰਾਣੇ ਅੰਕ ਜਿਲਦ-ਰੂਪ ਵਿੱਚ ਪ੍ਰਾਪਤ ਕਰਨ ਲਈ ਸੰਪਰਕ ਕਰੋ ।

ਅੰਮ੍ਰਿਤ ਕੀਰਤਨ ਟਰੱਸਟ

422, ਸੈਕਟਰ 15-ਏ, ਚੰਡੀਗੜ੍ਹ

# ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ

ਮਨਮੋਹਨ ਸਿੰਘ

| ਬਸੰਤ ਮਹਲਾ ੩ ॥ | Basant 3rd Guru | ਬਸੰਤ ਤੀਜੀ ਪਾਤਸ਼ਾਹੀ । |
|---|---|---|
| ਬਸੰਤੁ ਚੜਿਆ ਫੂਲੀ ਬਨਰਾਇ॥ | with the soming of spring, the vegetation flowers. | ਬਹਾਰ ਦੇ ਆਉਣ ਨਾਲ ਬਨਾਸਪਤੀ ਪ੍ਰਫੁਲਤ ਹੋ ਜਾਂਦੀ ਹੈ। |
| ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ॥੧॥ | These sentient beings bloom only when they fix their mind on the Lord. | ਇਹ ਪ੍ਰਾਣਧਾਰੀਆਂ ਕੇਵਲ ਉਦੋਂ ਹੀ ਪ੍ਰਫੁਲਤ ਹੁੰਦੇ ਹਨ ਜਦ ਇਹ ਆਪਣੇ ਮਨ ਨੂੰ ਪ੍ਰਭੂ ਨਾਲ ਜੋੜਦੇ ਹਨ। |
| ਇਨ ਬਿਧਿ ਇਹੁ ਮਨੁ ਹਰਿਆ ਹੋਇ॥ | In this way, this mind become green. | ਇਸ ਤਰੀਕੇ ਨਾਲ ਇਹ ਮਨੂਆ ਸਰਸਬਜ਼ ਹੋ ਜਾਂਦਾ ਹੈ। |
| ਹਰਿ ਹਰਿ ਨਾਮੁ ਜਪੈ ਦਿਨੁ ਰਾਤੀ ਗੁਰਮੁਖਿ ਹਉਮੈ ਕਢੈ ਧੋਇ॥੧॥ਰਹਾਉ॥ | Utterring the Lord God's Name day and night, by the Guru's grace self-conceit is removed and washed off. Pause. | ਗੁਰਾਂ ਦੀ ਦਇਆ ਦੁਆਰਾ ਦਿਹੁੰ ਤੇ ਰੈਣ ਸੁਆਮੀ ਵਾਹਿਗੁਰੂ ਦੇ ਨਾਮ ਉਚਾਰਨ ਕਰਨ ਦੁਆਰਾ ਸਵੈ-ਹੰਗਤਾ ਧੋਤੀ ਜਾ ਕੇ ਦੂਰ ਹੋ ਜਾਂਦੀ ਹੈ। ਠਹਿਰਾਉ। |
| ਸਤਿਗੁਰ ਬਾਣੀ ਸਬਦੁ ਸੁਣਾਏ॥ | The True Guru utter the word and the Name. | ਸਚੇ ਗੁਰੂ ਗੁਰਬਾਣੀ ਅਤੇ ਨਾਮ ਦਾ ਉਚਾਰਨ ਕਰਦੇ ਹਨ। |
| ਇਹੁ ਜਗੁ ਹਰਿਆ ਸਤਿਗੁਰ ਭਾਏ ॥੨॥ | This world flowers with love through the True Guru. | ਸਚੇ ਗੁਰਾਂ ਦੇ ਰਾਹੀਂ ਪਿਆਰ ਨਾਲ ਇਹ ਸੰਸਾਰ ਪ੍ਰਫੁਲਤ ਹੁੰਦਾ ਹੈ। |
| ਫਲ ਫੂਲ ਲਾਗੇ ਜਾਂ ਆਪੇ ਲਾਇ ॥ | The mortal flowers and Himself, so wills. | ਜਦ ਖੁਦ ਪ੍ਰਭੂ ਦੀ ਐਸੀ ਰਜ਼ਾ ਹੁੰਦੀ ਹੈ ਤਾਂ ਪ੍ਰਾਣੀ ਫੁਲਦਾ ਤੇ ਫਲਦਾ ਹੈ। |
| ਮੂਲਿ ਲਗੈ ਤਾਂ ਸਤਿਗੁਰ ਪਾਏ ॥੩॥ | When man finds the True Guru, then alone he attaches himself to God, the Root of everything. | ਜਦ ਇਨਸਾਨ ਸਚੇ ਗੁਰਾਂ ਨੂੰ ਪਾ ਲੈਂਦਾ ਹੈ, ਕੇਵਲ ਤਦ ਹੀ ਉਹ ਆਪਣੇ ਆਪ ਨੂੰ ਹਰ ਸ਼ੈ ਦੀ ਜੜ ਵਾਹਿਗੁਰੂ ਨਾਲ ਜੋੜਦਾ ਹੈ। |
| ਆਪਿ ਬਸੰਤੁ ਜਗਤੁ ਸਭੁ ਵਾੜੀ॥ | The Lord, of Himself is the spring season and the world is His garden. | ਸਾਹਿਬ ਖੁਦ ਮੌਸਮ ਬਹਾਰ ਹੈ ਤੇ ਸਾਰਾ ਜਗ ਉਸ ਦੀ ਬਾਗੀਚਾ ਹੈ। |
| ਨਾਨਕ ਪੂਰੈ ਭਾਗਿ ਭਗਤਿ ਨਿਰਾਲੀ॥੪॥੫॥੧੭॥ | Nanak, by perfect good fortune the Lord's singular servce is performed. | ਨਾਨਕ ਪੂਰਨ ਚੰਗੀ ਪ੍ਰਾਲਬਧ ਦੁਆਰਾ, ਪ੍ਰਭੂ ਦੀ ਅਲੌਕਿਕ ਸੇਵਾ ਕੀਤੀ ਜਾਂਦੀ ਹੈ। |

**ਭਾਈ ਗੁਰਦਾਸ ਜੀ** — **ਵਾਰ 2, ਪਉੜੀ ੧੧**

ਸਿਧ ਸਾਧਿਕ ਮਿਲਿ ਜਾਗਦੇ ਕਰਿ ਸਿਵਰਾਤੀ ਜਾਤੀ ਮੇਲਾ॥
ਮਹਾਂ ਦੇਓ ਅਉਧੂਤ ਹੈ, ਕਵਲਾਸਣਿ ਆਸਣਿ ਰਸਕੇਲਾ॥
ਗੋਰਖੁ ਜੋਗੀ ਜਾਗਦਾ, ਗੁਰਿ ਮਾਛਿੰਦ੍ਰ ਧਾਰੀ ਸੁਧਿਰੇਲਾ।
ਸਤਿਗੁਰੁ ਜਾਗਿ ਜਗਾਇੰਦਾ, ਸਾਧ ਸੰਗਤਿ ਮਿਲ ਅਮ੍ਰਿਤ ਵੇਲਾ॥
ਨਿਜ ਘਰਿ ਤਾੜੀ ਲਾਈਅਨ, ਅਨਹਦ ਸ਼ਬਦ ਪਿਰਮ ਰਸ ਖੇਲਾ।
ਆਦਿ ਪੁਰਖ ਆਦੇਸ ਹੈ, ਅਲਖ ਨਿਰੰਜਨ ਨੇਹੁ ਨਵੇਲਾ,,
ਚੇਲੇ ਤੇ ਗੁਰੁ, ਗੁਰੁ ਤੇ ਚੇਲਾ॥

ਅਰਥ :

ਸਿੱਧ ਅਤੇ 'ਸਾਧਕ' (ਸਾਧਨਾ ਕਰਨ ਵਾਲਾ) ਇਕ ਸ਼ਿਵਰਾਤ੍ਰੀ ਨੂੰ ਜਾਤ੍ਰੀਆਂ ਨਾਲ ਮੇਲਾ ਕਰਕੇ (ਫੱਗਣ ਦੇ ਮਹੀਨੇ) ਜਾਗਾ ਕਰਦੇ ਹਨ। ਮਹਾਂਦੇਵ (ਸ਼ਿਵ ਯੋਗ ਵਿਖੇ) ਮਸਤ ਰਹਿੰਦਾ ਹੈ। (ਜਾਂ ਅਤੀਤ ਰਹਿੰਦਾ ਹੈ) (ਕਵਲਾਸਣ) ਬ੍ਰਹਮਾ (ਕਵਲ ਦੇ) ਆਸਣ ਦਾ ਰਸ ਲੈ ਰਿਹਾ ਹੈ। ਗੋਰਖ ਜੋਗੀ ਜਾਗਦਾ ਹੈ, (ਜਿਸ ਦੇ) ਗੁਰੂ ਮਾਛਿੰਦ੍ਰ ਨਾਥ ਨੇ ਧੜੇਲ ਕਰ ਲੀਤੀ ਸੀ। (ਕਹਿੰਦੇ ਹਨ ਕਿ ਇਕ ਰਾਣੀ ਦਾ ਜਿਸ ਪੁਰ ਮਾਛਿੰਦ੍ਰ ਆਸ਼ਕ ਸੀ ਪਤੀ ਮ੍ਰਿਤ ਹੋ ਗਿਆ ਸੀ। ਹੁਣ ਮਾਛਿੰਦ੍ਰ ਨੇ ਦਾਉ ਤਾੜਕੇ ਮਾਛਿੰਦ੍ਰ ਪੁਣਾ ਕੀਤਾ ਕਿ ਰਾਜਾ ਦੀ ਦੇਹ ਵਿਖੇ ਪ੍ਰਵੇਸ਼ ਕਰਕੇ ਬਾਹਲਾ ਚਿਰ, ਜਿਥੋਂ ਤੀਕ ਚੇਲੇ ਨੇ ਇਹ ਆਖਕੇ ਭਈ 'ਜਾਗ ਮਛਿੰਦ੍ਰ! ਗੋਰਖ ਆਏ' ਫੇਰ ਸਾਵਧਾਨ ਨਾ ਕੀਤਾ ਖੂਬ ਰਾਣੀ ਨਾਲ ਆਨੰਦ ਲੁਟਿਆ, ਆਪਣੇ ਜੜੇ ਜੋਗ ਦਾ ਚੌਕਾ ਪਾ ਬੈਠਾ, ਹੁਣ ਚੌਥੀ ਤੁਕੋਂ ਲੈ ਕੇ ਪੌੜੀ ਦੇ ਅੰਤ ਤੀਕ ਸਤਿਗੁਰ ਦਾ ਬਿਰਤਾਂਤ ਦੱਸਦੇ ਹਨ) (ਗੁਰੂ ਨਾਨਕ) ਸਤਿਗੁਰੂ ਜੀ ਆਪ ਸਦਾ ਜਾਗਦੇ ਹਨ ਅਰ (ਹੋਰਨਾਂ ਨੂੰ ਭੀ) ਜਗਾਉਂਦੇ ਹਨ, ਅੰਮ੍ਰਿਤ ਵੇਲੇ ਸਾਧ ਸੰਗਤਿ ਵਿੱਚ ਮੇਲ ਕਰਦੇ ਹਨ। ਸਰੂਪ ਵਿਖੇ ਤਾੜੀ ਲਾ ਕੇ ਅਨਹਦ ਸ਼ਬਦ ਅਰ ਪ੍ਰੇਮ ਰਸ ਵਿਖੇ ਖੇਲ ਰਹੇ ਹਨ। ਅਕਾਲ ਪੁਰਖ ਨੂੰ ਮੇਰੀ ਨਮਸਕਾਰ ਹੈ, ਜੋ ਅਲੱਖ ਅਤੇ ਨਿਰੰਜਨ ਹੈ। ਉਸ ਦੇ ਪ੍ਰੇਮ ਦਾ ਵੇਲਾ ਕੋਈ ਨਹੀਂ (ਸਦਾ ਪ੍ਰੇਮ ਇਕ ਰਸ ਬਣਿਆ ਰਹਿੰਦਾ ਹੈ)। ਚੇਲੇ ਤੇ ਗੁਰੂ ਅਤੇ ਗੁਰੂ ਤੇ ਚੇਲਾ! (ਤਾਤਪਰਜ ਇਹ ਕਿ ਗੁਰੂ ਨਾਨਕ ਗੁਰ ਅੰਗਦ ਆਦਿ ਵਿਚ ਚੇਲੇ ਤੇ ਗੁਰੂ ਵਿਖੇ ਕੋਈ ਭਿੰਨ ਭੇਦ ਨਹੀਂ ਹੈ)।

ਅਰਥ : ਭਾਈ ਵੀਰ ਸਿੰਘ

## ਸੁਰ ਲਿਪੀਆਂ

ਪ੍ਰੋ. ਪਰਮਜੋਤ ਸਿੰਘ

ਰਾਗ : ਬਸੰਤ ਜਾਤੀ: ਔੜਵ ਸੰਪੂਰਨ

ਸਮਾਂ : ਬਸੰਤ ਰੁੱਤ ਵਿੱਚ ਹਰ ਸਮੇਂ ਵਾਦੀ : ਸੰ ਸੰਵਾਦੀ : ਮ

ਆਰੋਹ : ਸ ਗ ਮ ਧ ਨ ਸੰ । ਅਵਰੋਹ : ਸੰ ਨ ਧ ਪ ਮ ਗ ਰ ਸ

ਸੰਖੇਪ ਸੁਰ ਵਿਸਥਾਰ : ਗ ਮ ਧ ਨ ਸੰ ਸੰ ਨ ਧ ਮ – ਗ ਮ ਰ ਸ ॥ ਸ ਗ ਮ ਪ ਸ ਗ ਮ ਧ ਨ ਧ ਪ ਮ ਪ ਗ ਮ ਰ ਸ ॥

ਸੁਰ : ਸਾਰੇ ਸ਼ੁੱਧ ਵਰਜਿਤ ਸੁਰ : ਆਰੋਹ ਵਿੱਚ ਰ, ਪ

ਤਿੰਨ ਤਾਲ

| 1 | 2 | 3 | 4 | 5 | 6 | 7 | 8 | 1 | 2 | 3 | 4 | 5 | 6 | 7 | 8 |
|---|---|---|---|---|---|---|---|---|---|---|---|---|---|---|---|
| ਸਥਾਈ | | | | | | | | | | | | | | | |
| | | | | | | | | ਸੰ | ਰੰ | ਸੰ | ਨ | ਧ | ਮ | ਧ | ਧ |
| | | | | | | | | ਇ | ਨ | ਬਿ | ਧਿ | ਇ | ਹੁ | ਮ | ਨੁ |
| ਨ | ਨ | ਸੰ | ਸੰ | ਸੰ | ਸੰ | ਸੰ | ਸੰ | ਮ | ਮ | ਮ | ਮ | ਪ | ਪ | ਗ | ਗ |
| ਹ | ਰਿ | ਆ | s | ਹੋ | s | ਇ | s | ਹ | ਰਿ | ਹ | ਰਿ | ਨਾ | s | ਮੁ | ਜ |
| x | | | | 2 | | | | 0 | | | | 3 | | | |
| ਗ | ਗ | ਮ | ਮ | ਰ | ਰ | ਸ | ਸ | ਗਂ | ਗਂ | ਰੰ | ਸੰ | ਨ | ਨ | ਧ | ਧ |
| ਪੈ | s | ਦਿ | ਨੁ | ਗਾ | s | ਤੀ | s | ਗੁ | ਰ | ਮੁ | ਖਿ | ਹ | ਉ | ਮੈ | s |
| x | | | | 2 | | | | 0 | | | | 3 | | | |
| ਨ | ਨ | ਸੰ | ਸੰ | ਸੰ | ਸੰ | ਸੰ | ਨ | | | | | | | | |
| ਕ | s | ਢੈ | s | ਧੋ | s | s | ਇ | | | | | | | | |
| ਅੰਤਰਾ | | | | | | | | | | | | | | | |
| | | | | | | | | ਮ | ਮ | ਮ | ਮ | ਧ | ਧ | ਨ | ਨ |
| | | | | | | | | ਬ | ਸੰ | s | ਤੁ | ਚ | ੜਿ | ਆ | s |
| ਸੰ | ਸੰ | ਸੰ | ਸੰ | ਨ | ਨ | ਸੰ | ਸੰ | ਨ | ਨ | ਨ | ਨ | ਨ | ਨ | ਧ | ਧ |
| ਫੂ | ਲੀ | ਬ | ਨ | ਰਾ | s | ਇ | s | ਏ | ਹਿ | ਜੀ | ਅ | ਜੰ | ਤ | ਫੂ | ਲਹਿ |
| x | | | | 2 | | | | 0 | | | | 3 | | | |
| ਨ | ਨ | ਧ | ਧ | ਪ | ਪ | ਮ | ਮ | ਮ | ਮ | ਮ | ਮ | ਪ | ਪ | ਗ | ਪ |
| ਹਾ | ਰਿ | ਚਿ | ਤੁ | ਲਾ | s | ਇ | s | ਏ | ਹਿ | ਜੀ | ਅ | ਜੰ | ਤ | ਫੂ | ਲਹਿ |
| x | | | | 2 | | | | 0 | | | | 3 | | | |
| ਗ | ਗ | ਮ | ਮ | ਰ | ਰ | ਸ | ਸ | | | | | | | | |
| ਹ | ਰਿ | ਚਿ | ਤੁ | ਲਾ | s | ਇ | s | | | | | | | | |

*ਧੰਨਵਾਦ ਸਹਿਤ 'ਸਵੱਰ ਸਮੁੰਦ ਗੀਤ ਰਤਨਾਵਲੀ' ਵਿੱਚੋਂ*

## ਜਰੂਰੀ ਬੇਨਤੀ

ਮਨੀਆਰਡਰ ਭੇਜਣ ਸਮੇਂ ਸੁਨੇਹੇ ਵਾਲੀ ਚਿੱਟ ਤੇ ਆਪਣਾ ਨਾਮ, ਪੂਰਾ ਪਤਾ, ਰਕਮ, ਮੰਤਵ ਅਤੇ ਪੁਰਾਣੇ ਮੈਂਬਰ ਆਪਣਾ ਚਿੱਟ ਨੰਬਰ ਜ਼ਰੂਰ ਲਿਖਣ ਦੀ ਕਿਰਪਾ ਕਰਨ ਜੀ।

*ਸੰਪਾਦਕ*

ਸ੍ਰ. ਉੱਤਮ ਸਿੰਘ

ਰਾਗ : ਬਹਾਰ　　ਥਾਟ : ਕਾਫ਼ੀ　　ਜਾਤੀ: ਸ਼ਾੜਵ

ਸਮਾਂ : ਅੱਧੀ ਰਾਤ　　ਵਾਦੀ : ਮ　　ਸੰਵਾਦੀ : ਸ

ਆਰੋਹ : ਸ ਮ, ਮ ਪ ਗੁ ਮ, ਧ ਨੀ ਸੰ ।　ਅਵਰੋਹ : ਸੰ ਨ਼ੀ ਪ, ਮ ਪ ਗੁ ਮ ਰੇ ਸ।

ਪਕੜ : ਸ ਮ, ਮ ਪ ਗੁ ਮ, ਨ਼ੀ ਧ ਨੀ ਸੰ ।

| 1 | 2 | 3 | 4 | 5 | 6 | 7 | 8 | 1 | 2 | 3 | 4 | 5 | 6 | 7 | 8 |
|---|---|---|---|---|---|---|---|---|---|---|---|---|---|---|---|
| ਸਥਾਈ | | | | | | | | | | | | | | | |
| | | | | | | | | ਨੀ | ਸੰ | ਨ਼ੀ | ਪ | ਮ | ਪ | ਗੁ | ਮ |
| | | | | | | | | ਸਾ | s | ਧ | ਸੰ | ਗ | ਤਿ | ਮਿ | ਲਿ |
| ਨ਼ੀ | ਧ | ਨੀ | ਨੀ | ਸੰ | - | ਸੰ | - | - | | | | | | | |
| ਅੰ | s | ਮ੍ਰਿ | ਤ | ਵੇ | s | ਲਾ | s | s | | | | | | | |
| | | | | | | | | | ਸੰ | ਨੀ | ਸੰ | ਨ਼ੀ | ਪ | ਮ | ਪ |
| | | | | | | | | | ਸਤਿ | ਗੁ | ਰੁ | ਜਾ | s | ਗਿ | ਜ |
| ਗੁ | - | ਗੁ | ਮ | ਰੇ | - | ਸ | - | - | ਮ | - | ਮ | ਮ | ਪ | ਗੁ | ਮ |
| ਗਾ | s | s | ਇੰ | ਦਾ | s | s | s | s | ਸਾ | ਧ | ਸੰ | ਗ | ਤਿ | ਮਿ | ਲਿ |
| ਨ਼ੀ | ਧ | ਨੀ | ਨੀ | ਸੰ | - | ਸੰ | - | - | | | | | | | |
| ਅੰ | s | ਮ੍ਰਿ | ਤ | ਵੇ | s | ਲਾ | s | s | | | | | | | |
| ਅੰਤਰਾ | | | | | | | | | | | | | | | |
| | | | | | | | | | ਮ | - | ਮ | ਨ਼ੀ | ਧ | ਨੀ | ਨੀ |
| | | | | | | | | | ਸਿ | ਧ | ਸਾ | ਧਿ | ਕ | ਮਿ | ਲਿ |
| ਸੰ | - | ਸੰ | ਸੰ | ਰੇਂ | ਨੀ | ਸੰ | - | - | ਰੇਂ | - | ਮੰ | ਰੇਂ | - | ਸੰ | - |
| ਜਾ | s | s | ਗ | ਦੇ | s | s | s | s | ਕਰਿ | ਸਿ | ਵ | ਰਾ | s | ਤੀ | s |
| ਨ਼ੀ | - | ਧ | - | ਨੀ | - | ਸੰ | - | | | | | | | | |
| ਜਾ | s | ਤੀ | s | ਮੇ | s | ਲਾ | s | | | | | | | | |
| x | | | | 2 | | | | 0 | | | | 3 | | | |

TALWAR BROTHERS

Phone : 771531, 781490
549433
Resi. : 772450

Talwar Brothers

SCF : 68, Sector : 15-D, Chandigarh 160 015

RANBRO

**RAINBRO BRAKES INDIA LIMITED**

Manufacturer of :
Brake Linings & Clutch Facings

**Registered Office :**
S.C.O. 116-117, Sector : 8-C, Chandigarh 160 018
Phone : (O) 544065, 545451 Fax : +91-072-773604

**Works :**
Vill. Alamgir, Sattarpur Road, Near Lalru,
Teh. Rajpura, Distt. Patiala Phone : 0171 - 79138

# ਗੁਰਮੁਖ ਢੂੰਢ ਢੂੰਢੇਦਿਆਂ

**( Free Matrimonial Service )**

**BEAUTIFUL** match for a handsome Sikh boy (26, 5' 8")B.A. II, transporter. Father in Govt. Service, one brother married and well settled in Belgium, sister married and well settled. ***Box : 0064***

**NON-DRINKER**, handsome match for a beautiful convent educated Sikh girl (25, 5' 4" ), belonging to Khatri family of Mohali, 3 years Advance Diploma Course of Interior Designer, Grad. from Delhi, Lecturer in Polytecnic College, well versed in household affairs, homely, sweet natured, adjustable & soft-spoken. ***Box ; 0065***

**PREFERABLY** Ramgariah graduate, businessman / service, well settled, height not below 5' 6", for a slim (27, 5' 2" ), B.A., B.Ed., N.T.T., Prabhakar, presently doing M.A., Public School Teacher in Mandi Gobindgarh, Rooprah girl. Father, Contractor in Oil Companies, mother housewife, elder brother married- doing own business at Chandigarh, elder sister married to a reputed family at Phagwara, younger sister studying. ***Box : 0066***

**SUITABLE** match for a Ahuja boy ( DOB- Mar. 10, 19 71, 5' 10" ), St. Xavier's School, Eco.(Hons.) Shriram College of Commerce, M.A. (Eco.) Delhi School of Economics. At present doing Ph.D. in Marketing, Yale University, New Haven, USA. Father well established, spareparts business in GN Market, K. Gate, Auto Rubber parts, Factory at Rohtak Road, Delhi. Mother housewife, only brother doing business with father. Elders migrated from Gujranwala, Pakistan after partition. ***Box : 0067***

**SUITABLE** match for Ahluwalia girl (DOB-Oct. 18, 1971, 5' 5"), fair, beautiful and smart, B.D.S. from Patiala. Both parents Doctors, one younger brother studying. ***Box : 0068***

**SUITABLE** match for Gold Medalist, all rounder girl (DOB- 1.7.74, 5' 5" ), B.Tech. Computer Science & Engg., I.I.T./Kanpur, at present awarded 5 years Scholarship for Ph.D in Computer Science, University of Texas, USA. Family Gursikh Amritdhari, well settled, Manimajra, Chandigarh. ***Box : 0069***

**SUITABLE** match for Ahluwalia girl (DOB-10.7.75, 165 cms.), slim, fair having sharp and attractive features. Studied in English medium Public School, B.Sc., persuing M.A.(Maths.), Computer Diploma and doing Ph.D. Father Businessman and settled in Delhi. ***Box : 0070***

**WANTED** non-drinker Sikh boy for Ramgariah girl (DOB-23.9.70, 161 cms.), fair complexion, pleasing personality, keen interest in household work, M.Com.,D.B.A., Industrial Relations & Personnel Management, M.B.A. (New Port University, California). Father retired S.E. from O.N.G.C. Ltd. and settled in Baroda. ***Box : 0071***

**SUITABLE** match for a boy (26, 5'-11"), B.E., working in JCT as Engineer. ***Box : 0072***

**SUITABLE** non-trimmer, non-drinker (may not be a Amritdhari) from Arora/Khatri Gursikh family, preferably Graduate and in good Service or well settled own Business, handsome match for Arora Sikh (24, 5'-1.75"), slim, beautiful, the only girl, B.A.(1st. Div. with merit), Gyani (Topper), One year's 'O' Level Diploma in Computer, doing M.A. and Kirtan knowing. Parents retired/pensioners of Punjab Govt., elders hailing from Layallpur/Sargodha (Pakistan). Preferred Jalandhar, Ludhiana, Kapurthala and Hoshiarpur. **Box : 0073**

**SUITABLE** match for Jat Sikh boy (DOB-3.3.74, 166 cms.), M.A.(Psychology) - with distinction, U.G.C. National Eligibility Test for Lecturership cleared, getting U.G.C. Research Fellowship and doing Research for Ph.D. Convent educated, good Academic Career throughout. Father Professor in Punjab University, mother retired Lecturer, brother studying in B.A. ***Box : 0074***

**Contact : Sardar Harbhajan Singh #1246, Sector : 22 B, Chandigarh**

# ਨਵਾਂ ਨਾਨਕ-ਸ਼ਾਹੀ ਕੈਲੰਡਰ : ਸੰਮਤ-ਪਤਰੀ ਤੋਂ ਲਾਗੂ

ਡਾ. ਜੀ.ਪੀ.ਨੰਦਾ*

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 1999-ਜਨਵਰੀ ਤੋਂ ਸਿੱਖ-ਪੰਥ ਲਈ, ਨਵਾਂ ਨਾਨਕ ਸ਼ਾਹੀ ਕਲੰਡਰ ਆਪਣੀ ਜੰਤਰੀ 1999-2000 ਦੁਆਰਾ ਪ੍ਰਕਾਸ਼ਿਤ ਕੀਤਾ ਹੈ। ਇਸਦੇ ਮੁਤਾਬਿਕ ਹੁਣ ਸਾਰੇ ਸਿੱਖ ਤਿਉਹਾਰ ਹਰ ਸਾਲ ਇਕੋ ਹੀ ਅੰਗਰੇਜ਼ੀ ਤਾਰੀਖ ਨੂੰ ਮਨਾਏ ਜਾਣਗੇ। ਇਸ ਲਈ 25 ਦਸੰਬਰ ਨੂੰ ਸਾਲ ਵਿੱਚ ਦੂਜੀ ਵਾਰ ਮਨਾਇਆ ਜਾਣ ਵਾਲਾ ਗੁਰੂ ਗੋਬਿੰਦ ਸਿੰਘ ਪ੍ਰਕਾਸ਼ ਉਤਸਵ 5-ਜਨਵਰੀ 1999 ਨੂੰ ਮਨਾਇਆ ਜਾਏਗਾ (ਤੇ ਹਰ ਸਾਲ ਇਹ ਪੁਰਬ 5 ਜਨਵਰੀ ਨੂੰ ਹੀ ਆਏਗਾ।) ਨਾਨਕ ਸ਼ਾਹੀ ਕੈਲੰਡਰ ਪਹਿਲੇ ਵੀ ਸੀ ਪਰ ਬਿਕਰਮੀ ਕੈਲੰਡਰ ਦੀ ਹੂ-ਬਹੂ-ਹੂ ਕਾਪੀ ਹੋਣ ਕਰਕੇ (354 ਦਿਨਾਂ ਦਾ ਸਾਲ) 11 ਦਿਨਾਂ ਦਾ ਫਰਕ ਹਰ ਸਿੱਖ ਤਿਉਹਾਰ ਵਿੱਚ ਪੈ ਜਾਂਦਾ ਸੀ। ਨਤੀਜੇ ਵਜੋਂ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ -ਉਤਸਵ ਕਿਸੇ ਸਾਲ ਤਾਂ ਦੋ ਵਾਰੀ ਤੇ ਅਗਲੇ ਸਾਲ ਆਉਂਦਾ ਹੀ ਨਹੀਂ ਸੀ। ਨਾਲ ਹੀ ਬਾਰਹਮਾਹ ਦੇ ਵਿਚ ਜੋ ਸਬੰਧ ਮਹੀਨਿਆਂ ਦਾ ਮੌਸਮ ਨਾਲ ਦਿੱਤਾ ਹੈ (ਅਸਾੜ-ਤਪੰਦਾ, ਪੋਖਿ ਤੁਖਾਰੁ ਆਦਿ) ਉਹ ਵੀ ਹੌਲੀ-ਹੌਲੀ ਨਹੀਂ ਸੀ ਰਹਿਣਾ। ਮੌਸਮੀ ਤਿਉਹਾਰ ਵਿਸਾਖੀ 1699 ਨੂੰ 30 ਮਾਰਚ, ਹੁਣ 14 ਅਪਰੈਲ ਤੇ 1100 ਸਾਲ ਬਾਦ ਮਈ ਵਿੱਚ ਆਉਣੀ ਸੀ। ਇਹਨਾਂ ਉਲਝਣਾਂ ਨੂੰ ਸੁਲਝਾਣ ਲਈ ਵਿਸ਼ਵ ਦੇ ਕਈ ਵਿਦਵਾਨ ਰੀਸਰਚ ਵਿੱਚ ਲੱਗੇ ਸਨ। ਇਹ ਕੈਲੰਡਰ ਸ. ਪਾਲ ਸਿੰਘ, ਕੈਨੇਡਾ ਨਿਵਾਸੀ ਦੀ ਸਾਲਾਂ-ਬੱਧੀ ਮੇਹਨਤ ਤੇ ਇੰਸਟੀਚਿਊਟ ਆਫ ਸਿੱਖ ਸਟੱਡੀਜ਼-ਚੰਡੀਗੜ੍ਹ, ਦੇ ਵਿਦਵਾਨਾਂ ਦੀਆਂ ਕਈ ਬੈਠਕਾਂ ਦਾ ਨਤੀਜਾ ਹੈ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਖਾਲਸਾ ਪੰਥ ਦੇ 300 ਸਾਲਾ ਸਾਜਨਾ ਦਿਵਸ ਤੇ ਸਾਰੇ ਸਿੱਖ ਜਗਤ ਨੂੰ ਅਪਨਾਉਣ ਲਈ ਸਿਫਾਰਸ਼ ਕੀਤੀ ਹੈ। ਇਸ ਕੈਲੰਡਰ ਦੇ ਹਰ ਮਹੀਨੇ ਦੇ ਦਿਨ, ਹਰ ਸਾਲ ਉਹੀ ਰਹਿਣਗੇ। ਪਹਿਲੇ 5 ਮਹੀਨੇ (ਚੇਤ ਤੋਂ ਸਾਵਣ) 31 ਦਿਨਾਂ ਦੇ ਤੇ ਅਗਲੇ 7 ਮਹੀਨੇ (ਭਾਦੋਂ ਤੋਂ ਫੱਗਣ) 30 ਦਿਨਾਂ ਦੇ ਲੀਪ ਸਾਲ ਵਿੱਚ ਆਖਰੀ ਮਹੀਨੇ (ਫੱਗਣ) ਦੇ 31 ਦਿਨ ਹੋਣਗੇ। ਸੰਗਰਾਂਦ ਹਰ ਸਾਲ ਅੰਗਰੇਜ਼ੀ ਮਹੀਨੇ ਦੀ ਉਸੇ ਤਾਰੀਖ ਹੀ ਆਏਗੀ। ਜਿਸ ਤਰ੍ਹਾਂ ਚੇਤ ਦੀ ਸੰਗਰਾਂਦ (ਨਵਾਂ ਸੰਮਤ) ਹਰ ਸਾਲ 14 ਮਾਰਚ ਨੂੰ ਆਏਗੀ।

ਦੋ ਗੁਰਪੁਰਬ (ਗੁਰੂ ਨਾਨਕ ਪ੍ਰਕਾਸ਼ ਉਤਸਵ ਤੇ ਬੰਦੀਛੋੜ ਦਿਵਸ) ਜੋ ਚੰਦਰਮਾਂ ਦੀ ਗਤੀ ਦੇ (ਪੂਰਨਮਾਸ਼ੀ ਤੇ ਦੀਵਾਲੀ) ਨਿਰਭਰ ਹਨ। ਉਹਨਾਂ ਨੂੰ ਹਾਲੀ ਕੱਤਕ ਪੂਰਨਮਾਸ਼ੀ ਤੇ ਕੱਤਕ ਦੀ ਪਹਿਲੀ ਮੱਸਿਆ ਨੂੰ ਹੀ (ਕ੍ਰਮਵਾਰ) ਮਨਾਇਆ ਜਾਏਗਾ।

1999 ਦੇ ਪੁਰਬ ਨਵੇਂ ਨਾਨਕ-ਸ਼ਾਹੀ ਕੈਲੰਡਰ ਅਨੁਸਾਰ ਹੇਠਾਂ ਟੇਬਲ 'ਚ ਦਿੱਤੇ ਹਨ :

## 1999 - ਸਾਂਝਾ ਸੰਨ

| | ਸੰਗਰਾਂਦ | ਪੂਰਨਮਾਸ਼ੀ | ਅਮਾਵਸ | ਪੰਚਮੀ |
|---|---|---|---|---|
| ਜਨਵਰੀ (ਮਾਘ) | 13 | 2, 31 | 17 | 22 |
| ਫਰਵਰੀ (ਫੱਗਣ) | 12 | ** | 16 | 20 |
| ਮਾਰਚ (ਚੇਤ) | 14 | 2,31 | 17 | 22 |
| ਅਪਰੈਲ (ਵੈਸਾਖ) | 14 | 30 | 16 | 20 |
| ਮਈ (ਜੇਠ) | 15 | 30 | 15 | 19 |
| ਜੂਨ (ਹਾੜ) | 15 | 28 | 13 | 18 |
| ਜੁਲਾਈ (ਸਾਵਣ) | 16 | 28 | 13 | 17 |
| ਅਗਸਤ (ਭਾਦੋਂ) | 16 | 26 | 11 | 16 |
| ਸਤੰਬਰ (ਅੱਸੂ) | 15 | 25 | 9 | 14 |
| ਅਕਤੂਬਰ (ਕੱਤਕ) | 15 | 24 | 9 | 14 |
| ਨਵੰਬਰ (ਮੱਘਰ) | 14 | 23 | 8 | 13 |
| ਦਸੰਬਰ (ਪੋਹ) | 14 | 22 | 7 | 13 |

## 2000 - ਸਾਂਝਾ ਸੰਨ

| | | | | |
|---|---|---|---|---|
| ਜਨਵਰੀ (ਮਾਘ) | 13 | 21 | 6 | 11 |
| ਫਰਵਰੀ (ਫੱਗਣ) | 12 | 19 | 5 | 10 |
| ਮਾਰਚ (ਚੇਤ) | 14 | 20 | 6 | 10 |

*4/19, Ashirvad Enclave, Dehradun - 248001

Registration No. Chandig rh Div./52/98 RNI Regd. No. 46788/89 ISSN-002045

*STATE OF ART HEARING AIDS*
*AVAILABLE IN ALL MODELS*

BONE CONDUCTION SPECTACLE
AIR CONDUCTION SPECTACLE
IN THE CANAL
BEHIND THE EAR
POCKET MODEL
AND
*MANY MORE ATTRACTIVE MODELS*

visit

Dr. PREETI AHUJA

Sounds

THE HEARING AID PEOPLE
C - 353, DEFENCE COLONY
NEW DELHI 110 024
PHONE : 011 - 4620485

*With best compliments from*

# RANA GROUP

★ **RANA SUGAR LIMITED**
Set up Sugar Mill in Join Sector with PAIC

★ **RANA POLYCOT LIMITED**
100% EoU Spinning Mill in Joint Sector with PSIDC

**Regd. Office** : SCO 49-50, Sector 8-C, Madhya Marg, Chandigarh - 160 018 (INDIA)
**Telephone** : 0172-54007, 547192, 549509, 772785, 780580
**Fax** : 0172 - 546809